


ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ
ਬਠਿੰਡਾ।

## ਇਨਕਲਾਬ ਦੀ ਸੂਹੀ ਲਾਟ

# ਦੁਰਗਾ ਭਾਬੀ



ਦੁਰਗਾ 'ਭਾਬੀ' ਦੇ ਨਾਲ ਉਸਦਾ ਪਤੀ ਭਗਵਤੀਚਰਨ
ਅਤੇ ਉਹਨਾਂ ਦਾ ਬੱਚਾ ਸਚੀ

ਅਤਰਜੀਤ

# ਇਨਕਲਾਬ ਦੀ ਲੱਟ ਲੱਟ ਬਲ਼ਦੀ ਸੂਹੀ ਲਾਟ

ਦੁਰਗਾ ਭਾਬੀ (ਜੀਵਨੀ)

# ਇਨਕਲਾਬ ਦੀ ਲੱਟ ਲੱਟ ਬਲ਼ਦੀ ਸੂਹੀ ਲਾਟ

## ਦੁਰਗਾ ਭਾਬੀ (ਜੀਵਨੀ)

ਅਤਜਜੀਤ


# ਇਨਕਲਾਬ ਦੀ ਲੱਟ ਲੱਟ ਬਲ਼ਦੀ ਸੂਹੀ ਲਾਟ

## ਦੁਰਗਾ ਭਾਬੀ (ਜੀਵਨੀ)


ਅਤਰਜੀਤ


ਬਲਰਾਜ ਬਾਹਨੀ ਯਾਦਗਾਰੀ ਪ੍ਰਕਾਸ਼ਨ

ਬੀ-6,ਗੁਰੂ ਕੀ ਨਗਰੀ, ਬਠਿੰਡਾ।

Inqlaab di latt latt baldi soohi laat
Durga Bhabi (bio-graphy)
BY :- Attarjeet, B-6, Guru Ki Nagari Bathinda.
Ph. 0164-2214386.,94175-81936.

© AUTHOR
ਪਹਿਲੀ ਵਾਰ ਸਤੰਬਰ 2007.:1000

ਬਲਰਾਜ ਸਾਹਨੀ ਯਾਦਗਰਰੀ ਰੀ ਪ੍ਰਕਾਸ਼ਨ
ਬੀ-6,ਗੁਰੂ ਕੀ ਨਗਰੀ, ਬਠਿੰਡਾ।

ਸਹਾਇਤਾ ਰਾਸ਼ੀ : 25/- ਰੁ:

**ਸਮਰਪਤ**

ਤਿੰਨ ਸਾਲ ਦੇ ਉਸ ਸ਼ੱਚੀ (ਸ਼ਚਿੰਦਰ ਵੋਹਰਾ) ਨੂੰ
ਜੋ ਅੱਜ ਬਹੱਤਰ ਸਾਲ ਦਾ ਹੋ ਚੁੱਕਾ ਹੈ
ਪਰ ਸਾਨੂੰ ਅੱਜ ਵੀ ਤਿੰਨ
ਸਾਲ ਦਾ ਹੀ
ਲਗਦਾ
ਹੈ।

# ਇਨਕਲਾਬ ਦੀ ਲੱਟ ਲੱਟ ਬਲਦੀ ਸੂਹੀ ਲਾਟ

## ਦੁਰਗਾ ਭਾਬੀ

2007 ਦਾ ਵਰ੍ਹਾ ਇਨਕਲਾਬੀ ਧਿਰਾਂ ਵੱਲੋਂ ਸ਼ਤਾਬਦੀ ਵਰ੍ਹੇ ਦੇ ਰੂਪ ਵਿਚ ਜਦ ਮਨਾਇਆ ਜਾ ਰਿਹਾ ਸੀ ਤਾਂ ਇਸ ਗੱਲ ਦੀ ਸਭ ਪਾਸਿਆਂ ਤੋਂ ਲੋੜ ਮਹਿਸੂਸ ਕੀਤੀ ਗਈ ਕਿ ਇਸ ਵਰ੍ਹੇ ਨਾਲ਼ ਸੰਬੰਧਤ ਘਟਨਾਵਾਂ ਦੀ ਜਾਣਕਾਰੀ ਦੇਣ ਹਿਤ ਇਤਿਹਾਸ ਦੇ ਉਨ੍ਹਾਂ ਸੂਹੇ ਪੰਨਿਆਂ ਨੂੰ ਪਾਠਕਾਂ ਦੇ ਰੂਬਰੂ ਕੀਤਾ ਜਾਵੇ, ਜੋ ਅਜੇ ਤੱਕ ਅਣਛਪੇ ਹੀ ਪਏ ਸਨ।27 ਸਤੰਬਰ 2007 ਨੂੰ ਸ਼ਹੀਦੇ ਆਜ਼ਮ ਭਗਤ ਸਿੰਘ ਦਾ ਸੌ ਸਾਲਾ ਜਨਮ ਦਿਹਾੜਾ ਮਨਾਇਆ ਜਾਣਾ ਸੀ ਤਾਂ ਫੌਰੀ ਤੌਰ 'ਤੇ ਇਸ ਕਾਰਜ ਨੂੰ ਹੱਥ ਪਾਉਂਦਿਆਂ ਬਹੁਤ ਸਾਰੇ ਲੇਖਕਾਂ ਨੇ ਇਸ ਦਿਸ਼ਾ ਵੱਲ ਬਹੁਤ ਹੀ ਸ਼ਲਾਘਾਯੋਗ ਕਦਮ ਚੁੱਕਿਆ।ਧੜਾ-ਧੜ ਇਨਕਲਾਬੀ ਸਾਹਿਤ ਚੇਤੰਨ ਪਾਠਕਾਂ ਦੀ ਲੋੜ ਪੂਰਾ ਕਰਨ ਲਈਂ ਛਪਿਆ।ਇਹ ਵਰ੍ਹਾ ਕਿਉਂਕਿ ਪੰਜ ਮਹਾਨ ਇਨਕਲਾਬੀ ਸ਼ਖ਼ਸੀਅਤਾਂ ਨਾਲ਼ ਸੰਬੰਧਤ ਵਰ੍ਹਾ ਸੀ ਇਸ ਲਈ ਭਗਤ ਸਿੰਘ ਦੇ ਨਾਲ਼ ਉਨ੍ਹਾਂ ਦਾ ਜ਼ਿਕਰ ਹੋਣਾ ਵੀ ਕੁਦਰਤੀ ਸੀ।ਇਹ ਵਰ੍ਹਾ ਭਗਤ ਸਿੰਘ ਦੇ ਚਾਚਾ ਸ੍ਰ. ਅਜੀਤ ਸਿੰਘ ਵੱਲੋਂ ਚਲਾਈ ਪਗੜੀ ਸੰਭਾਲ ਲਹਿਰ ਦਾ ਵੀ ਸ਼ਤਾਬਦੀ ਵਰ੍ਹਾ ਸੀ।ਇਸ ਦੇ ਨਾਲ਼ ਹੀ ਸ਼ਹੀਦ ਚੰਦਰ ਸ਼ੇਖਰ ਆਜ਼ਾਦ ਦੀ ਜਨਮ ਸ਼ਤਾਬਦੀ ਵੀ ਇਸੇ ਵਰ੍ਹੇ ਬਣਦੀ ਸੀ।ਭਗਤ ਸਿੰਘ ਦੇ ਬਹੁਤ ਹੀ ਕਰੀਬੀ ਸਾਥੀ ਜਿਸ ਦੀ ਵਿਦਵਤਾ ਸਾਰੇ ਇਨਕਲਾਬੀ ਹੀ ਸਵੀਕਾਰ ਕਰਦੇ ਸਨ, ਸ਼ਹੀਦ ਸੁਖਦੇਵ ਦਾ ਵੀ ਇਸੇ ਸਾਲ ਸੌ ਸਾਲਾ ਜਨਮ ਦਿਹਾੜਾ ਸੀ।ਦੁਰਗਾ ਭਾਬੀ ਜਿਸ ਦੀ ਲਾਸਾਨੀ ਕੁਰਬਾਨੀ ਸਾਡੇ ਇਤਿਹਾਸ ਦਾ ਕਦੇ ਵੀ ਹਿੱਸਾ ਨਹੀਂ ਬਣੀ ਸੀ, ਉਸ ਦਾ ਜਨਮ ਵੀ ਇਸੇ ਵਰ੍ਹੇ ਯਾਨੀ 7 ਅਕਤੂਬਰ, 2007 ਨੂੰ ਹੀ ਹੋਇਆ ਸੀ।

ਮੇਰੇ ਕੋਲ ਕਿਸੇ ਤਰ੍ਹਾਂ ਕੈਨੇਡਾ ਤੋਂ ਵਰਿਆਮ ਸਿੰਘ ਸੰਧੂ ਦੇ ਬੇਟੇ ਸੁਪਨ ਸੰਧੂ ਰਾਹੀਂ ਕੱਢੇ ਜਾਂਦੇ ਪਰਚੇ ਵਿਚ ਦੁਰਗਾ ਭਾਬੀ ਨਾਲ਼ ਸੰਖੇਪ ਜਿਹੀ ਮੁਲਾਕਾਤ ਛਪੀ ਪਹੁੰਚੀ ਤਾਂ ਮੈਂ ਇਸ ਕਾਰਜ ਨੂੰ ਧਿਆਨ ਵਿਚ ਰਖਦਿਆਂ ਉਨ੍ਹਾਂ ਤੱਥਾਂ ਅਤੇ ਸੂਚਨਾਵਾਂ ਨੂੰ ਜੀਵਨੀ ਦੇ ਰੂਪ ਵਿਚ ਢਾਲਣ ਦਾ ਯਤਨ ਕੀਤਾ ਹੈ।ਪੰਜਾਬ ਪੱਧਰ 'ਤੇ ਇਨਕਲਾਬੀ ਧਿਰਾਂ ਵੱਲੋਂ ਜਿਵੇਂ ਬਹੁਤ ਹੀ ਜ਼ੋਰ - ਸ਼ੋਰ ਨਾਲ਼ 27 ਸਤੰਬਰ 2007 ਦਾ ਦਿਹਾੜਾ ਥਾਂ ਪੁਰ ਥਾਂ ਮਨਾਇਆ ਜਾਣਾ ਸੀ,ਬਰਨਾਲ਼ੇ ਦੀ ਧਰਤੀ 'ਤੇ ਜਿੱਥੇ ਕਿਸਾਨਾਂ ਨੂੰ ਟਰਾਈਡੈਂਟ ਵਾਲ਼ਿਆਂ ਵੱਲੋਂ ਸਰਕਾਰ ਦੀ ਪੁਸ਼ਤ ਪਨਾਹੀ ਹੇਠ ਉਜਾੜ ਦਿੱਤਾ ਗਿਆ ਸੀ ਤੇ ਜਿੱਥੇ ਕਿਸਾਨ ਆਪਣੀ ਪਗੜੀ ਨੂੰ ਸੰਭਾਲਣ ਦੇ ਘੋਲ ਵਿਚ ਕੁੱਦੇ ਹੋਏ ਸਨ, ਇਹ ਦਿਹਾੜਾ ਮਨਾਉਣ ਵਾਲ਼ੀ ਤਿਆਰੀ ਕਮੇਟੀ ਵਿਚ ਮੈਂ ਵੀ ਸ਼ਾਮਿਲ ਸਾਂ।ਥਾਂ ਪਿੰਡਾਂ ਵਿਚ ਨਾਟਕਾਂ, ਭਾਸ਼ਨਾਂ ਆਦਿ ਰਾਹੀਂ ਪ੍ਰਚਾਰ ਕਰਕੇ ਰਾਤ ਨੂੰ ਘਰ ਆਈਦਾ ਸੀ ਤਾਂ ਮੈਂ ਸਾਡੀ ਮਹਾਨ ਉਸ ਪੂਜਣਯੋਗ ਮਾਂ ਨੂੰ ਸ਼ਰਧਾਂਜਲੀ ਵਜੋਂ ਇਸ ਰਚਨਾ ਦੀ ਸਿਰਜਣਾ ਕੀਤੀ ਸੀ। ਮੈਨੂੰ ਇਹ ਅਹਿਸਾਸ ਪਹਿਲਾਂ ਹੀ ਸੀ ਕਿ ਇਸ ਛੋਟੀ ਜਿਹੀ ਮੇਰੀ ਕੋਸ਼ਿਸ਼ ਨੂੰ ਪਾਠਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ਼ੇਗਾ।ਹੋਇਆ ਵੀ ਇਵੇਂ ਹੀ।ਕਿਉਂਕਿ ਇਹ ਪੁਸਤਕ ਮੈਂ ਛੋਟੇ ਬੱਚਿਆਂ ਨੂੰ ਧਿਆਨ ਵਿਚ ਰੱਖ ਕੇ ਲਿਖੀ ਸੀ, ਜਿਸ ਕਰਕੇ ਮੈਂ ਇਸ ਨੂੰ ਬਿੱਲਕੁੱਲ ਹੀ ਸਾਦੇ ਰੂਪ ਵਿਚ ਰੱਖਿਆ ਸੀ।ਹੁਣ ਅਧਿਆਪਕ ਵਰਗ ਜਾਂ ਵੱਧ ਚੇਤੰਨ ਵਰਗ ਦੀ ਲੋੜ ਨੂੰ ਧਿਆਨ ਵਿਚ ਰੱਖਦਿਆਂ ਇਸ ਦਾ ਸੋਧਿਆ ਰੂਪ ਪਾਠਕਾਂ ਦੀ ਨਜ਼ਰ ਹੈ।ਉਮੀਦ ਕਰਦਾ ਹਾਂ ਕਿ ਮੇਰਾ ਇਹ ਨਿਗੂਣਾ ਜਿਹਾ ਯਤਨ ਅਕਾਰਥ ਨਹੀਂ ਜਵੇਗਾ।ਤੁਹਾਡੇ ਭਰਪੂਰ ਹੁੰਗਾਰੇ ਦੀ ਉਮੀਦ ਨਾਲ਼...

ਅਤਰਜੀਤ

# ਇਨਕਲਾਬ ਦੀ ਲੱਟ ਲੱਟ ਬਲਦੀ ਸੂਹੀ ਲਾਟ

## ਦੁਰਗਾ ਭਾਬੀ

ਅੰਗਰੇਜ਼ ਸਾਮਰਾਜ ਦੀ ਗੁਲਾਮੀ ਦਾ ਪੰਜਾਲਾ ਲਾਹੁਣ ਲਈ ਨਾਮਧਾਰੀ ਲਹਿਰ ਤੋਂ ਬਾਅਦ ਸਭ ਤੋਂ ਸ਼ਕਤੀਸ਼ਾਲੀ ਬਗਾਬਤ ਗਦਰ ਪਾਰਟੀ ਦੇ ਇਤਿਹਾਸ ਦੇ ਸੂਹੇ ਪੰਨੇ ਅੱਜ ਵੀ ਨੌਜਵਾਨ ਵਰਗ ਨੂੰ ਪ੍ਰੇਰਨਾ ਦਿੰਦੇ ਹਨ।ਕਰਤਾਰ ਸਿੰਘ ਸਰਾਭਾ ਦੀ ਹਰ ਵੇਲ਼ੇ ਫੋਟੋ ਜੇਬ ਵਿਚ ਰੱਖਣ ਵਾਲਾ ਸ਼ਹੀਦੇ-ਆਜ਼ਮ ਭਗਤ ਸਿੰਘ ਤਾਂ ਨੌਜਵਾਨਾਂ ਦੇ ਹਿਰਦਿਆਂ ਇਨਕਲਾਬ ਦਾ ਸੂਹਾ ਨਿਸ਼ਾਨ ਹੀ ਛੱਡ ਗਿਆ ਹੈ।ਜਦ ਅਸੀਂ ਭਗਤ ਸਿੰਘ ਨੂੰ ਯਾਦ ਕਰਦੇ ਹਾਂ ਤਾਂ ਇਕ ਹੋਰ ਨਾਂ ਸਾਡੇ ਹਿਰਦਿਆਂ 'ਤੇ ਡੂੰਘੀ ਛਾਪ ਲਾਉਣ ਵਾਲਾ ਸਾਡੇ ਜ਼ਿਹਨ ਵਿਚ ਆ ਉਤਰਦਾ ਹੈ।ਉਹ ਨਾਂ ਹੈ ਮਹਾਨ ਵੀਰਾਂਗਣਾ ਦੁਰਗਾ ਭਾਬੀ ਦਾ।ਉਹ ਮਹਾਨ ਔਰਤ ਸਾਡੀ ਪੂਜਣਯੋਗ ਮਾਂ ਜੋ ਆਜ਼ਾਦੀ ਦੀ ਲਹਿਰ ਦੀ ਰੂਹ ਬਣ ਕੇ ਇਤਿਹਾਸ ਦੇ ਪੰਨਿਆਂ 'ਤੇ ਛਾਈ, ਦੇ ਮੂਹਰੇ ਸਾਡਾ ਸਿਰ ਆਪਣੇ ਆਪ ਹੀ ਸ਼ਰਧਾ ਨਾਲ਼ ਝੁਕ ਜਾਂਦਾ ਹੈ।ਦੁਰਗਾ ਭਾਬੀ ਦਾ ਨਾਂ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿਚ ਪ੍ਰਭਾਤ ਦੇ ਚਮਕਦੇ ਲਾਲ ਸਿਤਾਰੇ ਦੀ ਤਰ੍ਹਾਂ ਦਮਕਾਂ ਮਾਰਦਾ ਹੈ।ਪੰਜਾਬ ਦਾ ਹੀ ਨਹੀਂ, ਭਾਰਤ ਦਾ ਸਕੂਲ 'ਚ ਪੜ੍ਹਦਾ ਹਰ ਬੱਚਾ,ਖ਼ਾਸ ਕਰਕੇ ਭਾਰਤ ਦੀ ਆਜ਼ਾਦੀ ਦੇ ਘੋਲ ਵਿਚ ਥੋੜ੍ਹੀ ਬਹੁਤੀ ਦਿਲਚਸਪੀ ਰੱਖਣ ਵਾਲ਼ਾ ਹਰ ਸ਼ਖ਼ਸ ਦੁਰਗਾ ਭਾਬੀ ਦੇ ਨਾਂ ਤੋਂ ਜਾਣੂੰ ਹੈ, ਭਾਵੇਂ ਕਿ ਇਹ ਜਾਣਕਾਰੀ ਕੇਵਲ ਇਸ ਹੱਦ ਤੱਕ ਹੀ ਹੋਵੇ ਕਿ ਦੁਰਗਾ ਭਾਬੀ ਨੇ ਸਾਂਡਰਸ ਦੇ ਕਤਲ ਤੋਂ ਬਾਅਦ ਸਾਡੇ ਸਿਰਮੌਰ ਸ਼ਹੀਦੇ ਆਜ਼ਮ ਭਗਤ ਸਿੰਘ ਦੀ ਪਤਨੀ ਬਣਕੇ ਰਾਜਗੁਰੂ ਤੇ ਚੰਦਰ ਸ਼ੇਖਰ ਹੁਰਾਂ ਨੂੰ ਲਾਹੌਰ ਤੋਂ ਬਾਹਰ ਕੱਢਣ ਵਿਚ ਮੱਦਦ ਕੀਤੀ ਸੀ।ਪਰ ਦੁਰਗਾ ਭਾਬੀ ਇਸ ਨਾਲੋਂ ਵੀ ਕਿਤੇ ਮਹਾਨ ਔਰਤ ਸਨ।ਉਹ ਭਗਤ ਸਿੰਘ, ਰਾਜਗੁਰੂ, ਸੁਖਦੇਵ, ਚੰਦਰ ਸ਼ੇਖਰ ਆਜ਼ਾਦ ਆਦਿ ਇਨਕਲਾਬੀਆਂ ਦੀ ਹਮ ਉਮਰ ਸੀ ਪਰ ਉਹ ਸਭ ਦੀ ਸਤਿਕਾਰਯੋਗ ਭੈਣ ਸਨ।ਉਨ੍ਹਾਂ ਦੇ ਪਤੀ ਭਗਵਤੀ ਚਰਨ ਵੋਹਰਾ ਕਿਉਂਕਿ ਤਕਰੀਬਨ ਸਭ ਨਾਲੋਂ ਵੱਡੀ ਉਮਰ ਦੇ ਸਨ ਜਿਸ ਕਰਕੇ ਸਾਰੇ ਹੀ ਕ੍ਰਾਂਤੀਕਾਰੀ ਦੁਰਗਾ ਜੀ ਨੂੰ ਭਾਬੀ ਕਹਿਕੇ ਹੀ ਸੰਬੋਧਨ ਕਰਦੇ ਸਨ।ਸਾਡੇ ਸੱਭਿਆਚਾਰ ਵਿਚ ਭਾਬੀ ਆਦਰ ਸਤਿਕਾਰ ਦਾ ਹੀ ਚਿੰਨ ਹੈ।ਸਤੰਬਰ ਦੇ ਮਹੀਨੇ ਅਸੀਂ ਪੰਜ ਸ਼ਤਾਬਦੀਆਂ ਇਕੋ ਸਮੇਂ ਮਨਾਈਆਂ ਹਨ।ਅਠਾਈ ਸਤੰਬਰ 2007 ਨੂੰ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਸੌਵੇਂ ਜਨਮ ਸ਼ਤਾਬਦੀ ਵਰ੍ਹੇ ਵਜੋਂ ਅਸੀਂ ਦੁਰਗਾ ਭਾਬੀ,ਚੰਦਰ ਸ਼ੇਖਰ ਆਜ਼ਾਦ, ਸੁਖਦੇਵ ਦੀ ਸੌਵੀਂ ਵਰ੍ਹੇ ਗੰਢ ਦੇ ਨਾਲ਼ ਹੀ ਚਾਚਾ ਅਜੀਤ ਸਿੰਘ ਵੱਲੋਂ ਆਰੰਭ ਕੀਤੀ ਗਈ ਪਗੜੀ ਸੰਭਾਲ ਜੱਟਾ ਲਹਿਰ ਦੀ ਵੀ ਸੌਵੀਂ ਵਰ੍ਹੇ ਗੰਢ ਮਨਾਈ ਹੈ।ਇਸ ਦਾ ਮਤਲਬ ਹੈ ਕਿ ਇਨ੍ਹਾਂ ਕ੍ਰਾਂਤੀਕਾਰੀਆਂ ਦਾ ਜਨਮ ਉਨ੍ਹਾਂ ਸਮਿਆਂ ਵਿਚ ਹੋਇਆ ਜਦ ਚਾਚਾ ਅਜੀਤ ਸਿੰਘ ਨੇ ਕਿਸਾਨੀ ਨੂੰ ਲਾਮਵੰਦ ਕਰਨ ਲਈ ਪਗੜੀ ਸੰਭਾਲ ਜੱਟਾ ਲਹਿਰ ਚਲਾਈ ਹੋਈ ਸੀ।ਕਥਾਕਾਰ ਵਰਿਆਮ ਸਿੰਘ ਸੰਧੂ ਦੇ ਬੇਟੇ ਸੁਪਨ ਸੰਧੂ ਅਤੇ ਇਕ ਸੁਖਦੇਵ ਸਿੰਘ ਰਾਇਪੁਰ ਡੱਬਾ ਦੁਆਰਾ ਕੀਤੀ ਸੰਖੇਪ ਮੁਲਾਕਾਤ ਇਸ ਲਿਖਤ ਦਾ ਸਬੱਬ ਬਣ ਸਕੀ ਹੈ।ਇਹ ਉਹ ਸਮਾਂ ਸੀ ਜਦੋਂ ਉਨ੍ਹਾਂ ਦੇ ਵਾਰਸ ਇਨ੍ਹਾਂ ਮਹਾਨ ਦੇਸ਼ ਭਗਤਾਂ ਦੇ ਆਦਰਸ਼ਾਂ ਅਤੇ ਉਨ੍ਹਾਂ ਵੱਲੋਂ ਪਾਏ ਪੂਰਨਿਆਂ 'ਤੇ ਪਹਿਰਾ ਦੇਣ ਦਾ ਸੰਕਲਪ ਲੈ ਰਹੇ ਸਨ। 2006-07 ਦਾ ਵਰ੍ਹਾ ਉਨ੍ਹਾਂ ਮਹਾਨ ਕ੍ਰਾਂਤੀਕਾਰੀਆਂ ਦੇ ਸ਼ਤਾਬਦੀ ਵਰ੍ਹੇ ਦੇ ਰੂਪ ਵਿਚ ਮਨਾ ਰਹੇ ਸਨ ਤੇ ਉਨ੍ਹਾਂ ਦੀਆਂ ਲਾਸਾਨੀ ਕੁਰਬਾਨੀਆਂ ਅੱਗੇ ਨਤਮਸਤਕ ਹੀ ਨਹੀਂ ਸੀ ਹੋ ਰਹੇ,ਸਗੋਂ ਉਨ੍ਹਾਂ ਦੇ ਦਰਸਾਏ ਹੋਏ ਇਨਕਲਾਬ ਦੇ ਸੂਹੇ ਮਾਰਗ 'ਤੇ ਚੱਲਣ ਦਾ ਅਹਿਦ ਵੀ ਕਰ ਰਹੇ ਸਨ ਅਤੇ ਉਨ੍ਹਾਂ ਦੇ ਸੁਪਨਿਆਂ ਦਾ ਭਾਰਤ ਸਿਰਜਣ ਦਾ ਸੰਕਲਪ ਵੀ ਦੁਹਰਾ ਰਹੇ ਸਨ।

ਸ਼ਹੀਦੇ ਆਜ਼ਮ ਭਗਤ ਸਿੰਘ ਹੁਰਾਂ ਦਾ ਪ੍ਰੋਗਰਾਮ ਜਿਸ ਮੁਕਾਮ ਤੱਕ ਪਹੁੰਚ ਸਕਿਆ,ਉਸਦਾ ਸਿਹਰਾ ਦੁਰਗਾ ਭਾਬੀ ਦੇ ਨਾਲ਼ ਬੰਗਾਲ ਦੀ ਦੇਸ਼ ਭਗਤ ਬੀਬੀ ਸ਼ੀਲ੍ਹਾ ਦੀਦੀ ਆਦਿ ਦੇ ਸਿਰ ਬੱਝਦਾ ਹੈ।ਇਨ੍ਹਾਂ ਵੀਰਾਂਗਣਾਂ ਦੇ ਪਾਏ ਯੋਗਦਾਨ ਬਾਰੇ ਅਜੇ ਹੋਰ ਖੋਜ ਕਰਨ ਦੀ ਜ਼ਰੂਰਤ ਹੈ ਤਾਂ ਜੋ ਸਾਡੇ ਨੌਜਵਾਨਾਂ ਨੂੰ ਉਨ੍ਹਾਂ ਦੇ ਇਤਿਹਾਸ ਦੀ ਸਹੀ ਜਾਣਕਾਰੀ ਮਿਲ ਸਕੇ।ਕਿਸੇ ਕੌਮ ਦਾ ਇਤਿਹਾਸ ਹੀ ਆਉਣ ਵਾਲ਼ੀਆਂ ਪੀੜ੍ਹੀਆਂ ਲਈ ਪ੍ਰੇਰਨਾ-ਸਰੋਤ ਹੋ ਸਕਦਾ ਹੈ, ਨਹੀਂ ਤਾਂ ਸੰਸਾਰ ਦਾ ਸਭ ਤੋਂ ਖ਼ਤਰਨਾਕ ਖ਼ੂੰਖਾਰ ਅਮਰੀਕਨ ਸਾਮਰਾਜ ਜਿਵੇਂ ਦੁਨੀਆਂ ਦੇ ਮੁਲਕਾਂ ਦੇ ਇਤਿਹਾਸਾਂ ਨੂੰ ਤਹਿਸ ਨਹਿਸ ਕਰਨ 'ਤੇ ਤੁਲਿਆ ਹੋਇਆ ਹੈ,ਉਸ ਦਾ ਸਾਡੇ ਕੋਲ਼ ਕੋਈ ਜਵਾਬ ਨਹੀਂ ਰਹਿਣਾ।

ਕੋਈ ਵੀ ਇਨਕਲਾਬ ਤਦ ਤੱਕ ਸਫ਼ਲ ਨਹੀਂ ਹੋ ਸਕਦਾ ਜਦ ਤੱਕ ਸਮਾਜ ਦੀ ਅੱਧੀ ਆਬਾਦੀ ਔਰਤਾਂ ਇਸ ਵਿਚ ਭਾਈਵਾਲ ਨਹੀਂ ਬਣਦੀਆਂ।ਕ੍ਰਾਂਤੀਕਾਰੀਆਂ ਦੇ ਚਰਿੱਤਰ ਨਿਰਮਾਣ ਵਿਚ ਇਨ੍ਹਾਂ ਮਹਾਨ ਔਰਤਾਂ ਦਾ ਵੱਡਾ ਯੋਗਦਾਨ ਰਿਹਾ ਹੈ।ਜਿਵੇਂ ਕਿ ਆਮ ਹੀ ਕਿਹਾ ਜਾਂਦਾ ਹੈ ਕਿ ਮਰਦ ਦੀ ਹਰ ਕਾਮਯਾਬੀ ਦੇ ਪਿੱਛੇ ਔਰਤ ਦਾ ਹੱਥ ਹੁੰਦਾ ਹੈ।ਚਮਕੌਰ ਦੀ ਜੰਗ ਵਿਚੋਂ ਭਗੌੜੇ ਹੋ ਕੇ ਗਏ ਮਾਝੇ ਦੇ ਚਾਲ਼ੀ ਸਿੰਘਾਂ ਨੂੰ ਕਲੰਕ ਤੋਂ ਮੁਕਤ ਕਰਵਾਉਣ ਵਾਲ਼ੀ ਮਾਈ ਭਾਗੋ ਦਾ ਨਾਂ ਸਿੱਖ ਇਤਿਹਾਸ ਵਿਚ ਬਹੁਤ ਹੀ ਸਤਿਕਾਰ ਨਾਲ ਲਿਆ ਜਾਂਦਾ ਹੈ।ਝਾਂਸੀ ਦੀ ਰਾਣੀ ਨੂੰ ਅੰਗਰੇਜ਼ ਸਾਮਰਾਜ ਨਾਲ਼ ਟੱਕਰ ਲੈਣ ਵਾਲ਼ੀ ਬਹਾਦਰ ਔਰਤ ਦੇ ਤੌਰ 'ਤੇ ਯਾਦ ਕੀਤਾ ਜਾਂਦਾ ਹੈ।ਬੀਬੀ ਗੁਲਾਬ ਕੌਰ ਜੋ ਮਨੀਲਾ ਤੋਂ ਆਪਣੇ ਪਤੀ ਨੂੰ ਤਿਆਗ ਕੇ ਗਦਰੀ ਸੂਰਮਿਆਂ ਦੀ ਅੰਗੀ-ਸੰਗੀ ਹੋ ਕੇ ਪੰਜਾਬ ਦੀ ਕ੍ਰਾਂਤੀਕਾਰੀ ਲਹਿਰ ਉਸਾਰਨ ਵਿਚ ਮੋਢੀ ਭੂਮਿਕਾ ਅਦਾ ਕਰਦੀ ਰਹੀ, ਦੀ ਜੀਵਨੀ ਵੀ ਸਾਡੇ ਕਿਰਤੀ ਲੋਕਾਂ ਦੀ ਗੱਲ ਕਰਨ ਵਾਲਿਆਂ ਲਈ ਪ੍ਰੇਰਨਾ ਸਰੋਤ ਹੈ।ਹੋਰ ਬਥੇਰੀਆਂ ਔਰਤਾਂ ਹੋਣਗੀਆਂ ਜਿਨ੍ਹਾਂ ਦਾ ਸਾਡੇ ਕੋਲ਼ ਕੋਈ ਇਤਿਹਾਸਕ ਬਿਉਰਾ ਨਹੀ ਹੈ ਤੇ ਉਹ ਇਤਿਹਾਸ ਦੇ ਗੁੰਮਨਾਮ ਪੰਨਿਆਂ ਵਿਚ ਗੁਆਚ ਕੇ ਰਹਿ ਗਈਆਂ ਹੋਣਗੀਆਂ।ਦੁਰਗਾ ਭਾਬੀ ਸਾਡੇ ਇਤਿਹਾਸ ਦੀ ਇਕ ਬਹੁਤ ਹੀ ਸਤਿਕਾਰਯੋਗ ਮਾਂ ਦੇ ਤੌਰ 'ਤੇ ਸਾਡੇ ਲਈ ਚਾਨਣ ਮੁਨਾਰੇ ਦਾ ਕੰਮ ਕਰਦੀ ਹੈ।ਇਹੋ ਜਿਹੀਆਂ ਹੋਰ ਵੀ ਅਨੇਕਾਂ ਉਦਾਹਰਨਾਂ ਮਿਲ ਜਾਣਗੀਆਂ ਜੋ ਸਾਡੇ ਇਤਿਹਾਸ ਦੇ ਪੰਨਿਆਂ ਨੂੰ ਸੂਹੀ ਰੰਗਣ

ਦਿੰਦੀਆਂ ਹਨ। ਇਤਿਹਾਸ ਦੇ ਇਨ੍ਹਾਂ ਪੰਨਿਆਂ ਉਪਰ ਲੱਟ ਲੱਟ ਬਲਦੇ ਸੂਹੇ ਅੱਖਰਾਂ ਵਿਚ ਲਿਖੇ ਇਹ ਨਾਂ ਹਮੇਸ਼ਾ ਦਗਦੇ ਤੇ ਮਘਦੇ ਰਹਿਣਗੇ। ਉਨ੍ਹਾਂ ਦੀਆਂ ਇਨ੍ਹਾਂ ਬੇਪਨਾਹ ਕੁਰਬਾਨੀਆਂ ਅੱਗੇ ਸਾਡੀਆਂ ਆਉਣ ਵਾਲ਼ੀਆਂ ਪੀੜ੍ਹੀਆਂ ਨਤਮਸਤਕ ਹੁੰਦੀਆਂ ਰਹਿਣਗੀਆਂ। ਇਹੋ ਜਿਹੀਆਂ ਵੀਰਾਂਗਣਾਂ ਜਦੋਂ ਇਤਿਹਾਸ ਦਾ ਮੁਹਾਣਾ ਮੋੜਨ ਵਾਸਤੇ ਮੈਦਾਨ ਵਿਚ ਕੁਦਦੀਆਂ ਹਨ ਤਾਂ ਇਤਿਹਾਸ ਹੀ ਸੂਹੇ ਰੰਗ ਵਿਚ ਰੰਗੇ ਜਾਂਦੇ ਹਨ,ਜਿਨ੍ਹਾਂ ਦੀ ਪਾਹ ਲੋਕ ਹਿਰਦਿਆਂ ਦੀ ਜ਼ਰਖ਼ੇਜ਼ ਜ਼ਮੀਨ ਉਪਰ ਕ੍ਰਾਂਤੀ ਦੇ ਸੂਹੇ ਬੀਜ ਬੀਜਦੀ ਰਹਿੰਦੀ ਹੈ।

ਆਪਣੇ ਆਰੰਭਕ ਦੌਰ ਵਿਚ ਭਗਤ ਸਿੰਘ ਹੁਰਾਂ ਦੀ ਕ੍ਰਾਂਤੀਕਾਰੀ ਲਹਿਰ ਭਾਵੇਂ ਇਕ ਪ੍ਰਕਾਰ ਦੀ ਰੁਮਾਂਟਿਕ ਕਿਸਮ ਦੀ ਇਨਕਲਾਬੀ ਲਹਿਰ ਹੀ ਸੀ ਜਿਸਨੂੰ ਖ਼ੁਦ ਭਗਤ ਸਿੰਘ ਵੀ ਅਨਾਰਕਿਸਮ ਹੀ ਕਹਿੰਦਾ ਸੀ। ਜਿਵੇਂ ਜਿਵੇਂ ਲਹਿਰ ਵਿਕਸਤ ਹੋਈ ਤਿਵੇਂ ਤਿਵੇਂ ਦੇਸ਼ ਭਗਤਾਂ ਦੀ ਸੋਚ ਨੂੰ ਵਿਗਿਆਨਕ ਰੰਗਣ ਚੜ੍ਹਦੀ ਗਈ। ਇੱਥੋਂ ਤੱਕ ਕਿ ਭਗਤ ਸਿੰਘ ਆਪਣੇ ਆਖ਼ਰੀ ਦਿਨਾਂ ਤੱਕ ਮਾਰਕਸੀ ਦਰਸ਼ਨ ਨਾਲ਼ ਜੁੜ ਕੇ ਇਕ ਕੌਮਨਿਸਟ ਇਨਕਲਾਬੀ ਹੋਣ ਵੱਲ ਨਿਗਰ ਕਦਮ ਵਧਾ ਰਿਹਾ ਜਾਪਦਾ ਹੈ। ਅਸੀਂ ਇਸ ਕਿਤਾਬਚੇ ਵਿਚ ਇਨਕਲਾਬ ਦੀ ਇਸ ਚੰਗਿਆੜੀ ਨੂੰ ਹੋਰ ਪ੍ਰਚੰਡ ਕਰਨ ਵਾਲ਼ੀ ਸਾਡੀ ਪੂਜਨੀਕ ਮਾਂ ਦੁਰਗਾ ਭਾਬੀ ਦੇ ਜੀਵਨ ਉਪਰ ਝਾਤ ਪਾਉਣ ਦਾ ਯਤਨ ਕਰਾਂਗੇ।

ਦੁਰਗਾ ਭਾਬੀ ਦਾ ਜਨਮ 7 ਅਕਤੂਬਰ,1907 ਨੂੰ ਪੰਡਤ ਬਾਂਕੇ ਬਿਹਾਰੀ ਭੱਟ ਦੇ ਘਰ ਇਲਾਹਾਬਾਦ ਵਿਚ ਹੋਇਆ। ਉਨ੍ਹਾਂ ਦਾ ਜੱਦੀ ਪਿੰਡ ਇਲਾਹਾਬਾਦ ਜ਼ਿਲ੍ਹੇ ਦਾ ਇਕ ਨਗਰ ਸ਼ਾਹਜ਼ਾਦਪੁਰ ਸੀ ਜਿੱਥੇ ਉਨ੍ਹਾਂ ਦੀ ਆਪਣੀ ਚੰਗੀ ਜ਼ਿਮੀਦਾਰੀ ਸੀ। ਪਰਿਵਾਰ ਸ਼ਹਿਰ ਵਿਚ ਰਹਿੰਦਾ ਸੀ ਜਿੱਥੇਦੁਰਗਾ ਜੀ ਨੂੰ ਕਿਸੇ ਮਿਸ਼ਨ ਸਕੂਲ ਵਿਚ ਪੜ੍ਹਨੇ ਪਾਇਆ ਗਿਆ ਸੀ ਪਰ ਕਿਸੇ ਕਾਰਨ ਕਰਕੇ ਪੜ੍ਹਾਈ ਵਿਚਾਲੇ ਹੀ ਰਹਿ ਗਈ ਕਿਉਂਕਿ ਪਰਿਵਾਰ ਨੂੰ ਸ਼ਹਿਰ ਛੱਡ ਕੇ ਫਿਰ ਆਪਣੇ ਪਿੰਡ ਜਾਣਾ ਪੈ ਗਿਆ। ਉਸਤੋਂ ਬਾਅਦ ਬਹੁਤ ਹੀ ਛੇਤੀ ਬਹੁਤ ਹੀ ਛੋਟੀ ਉਮਰ ਵਿਚ ਦੁਰਗਾ ਜੀ ਦੀ ਸ਼ਾਦੀ ਭਗਵਤੀ ਚਰਨ ਵੁਹਰਾ ਨਾਲ਼ ਕਰ ਦਿੱਤੀ ਗਈ। ਵੁਹਰਾ ਪਰਿਵਾਰ ਉਨ੍ਹੀਂ ਦਿਨੀਂ ਲਾਹੌਰ ਰਹਿੰਦਾ ਸੀ। ਵੁਹਰਾ ਜੀ ਦੇ ਪਿਤਾ ਜੀ ਇਥੇ ਰੇਲਵੇ ਵਿਚ ਉਚੇ ਅਹੁਦੇ 'ਤੇ ਸਨ। ਭਗਵਤੀ ਚਰਨ ਨੇ ਉਸ ਵਕਤ ਦਸਵੀਂ ਦਾ ਇਮਤਿਹਾਨ ਦਿੱਤਾ ਸੀ। ਦੁਰਗਾ ਜੀ ਦੀ ਉਮਰ ਉਸ ਵੇਲ਼ੇ ਮਸਾਂ ਗਿਆਰਾਂ ਸਾਢੇ ਗਿਆਰਾਂ ਸਾਲ ਦੀ ਹੀ ਸੀ। ਉਸ ਵੇਲ਼ੇ ਤੱਕ ਉਹ ਥੋੜੀ ਬਹੁਤੀ ਹਿੰਦੀ ਪੜ੍ਹ ਲੈਂਦੇ ਸਨ। ਉਨ੍ਹੀਂ ਦਿਨੀਂ ਘਰਾਂ ਵਿਚ ਰਮਾਇਣ ਅਤੇ ਮਹਾਂ ਭਾਰਤ ਪੜ੍ਹਨ ਦਾ ਆਮ ਹੀ ਰਿਵਾਜ ਸੀ ਤੇ ਦੁਰਗਾ ਜੀ ਇਹ ਨਿਤਨੇਮ ਨਾਲ਼ ਪੜ੍ਹਿਆ ਕਰਦੇ ਸਨ।

ਦੇਸ਼ ਦੀ ਆਜ਼ਾਦੀ ਦੀ ਲਹਿਰ ਅਤੇ ਗਾਂਧੀ ਦਾ ਨਾ-ਮਿਲਵਰਤਣ ਅੰਦੋਲਣ ਪੂਰੇ ਦੇਸ਼ ਵਿਚ ਮਘਿਆ ਹੋਇਆ ਸੀ। ਵਿਦਿਆਰਥੀ ਪੜ੍ਹਾਈ ਛੱਡ ਕੇ ਤੇ ਸਰਕਾਰੀ ਮੁਲਾਜ਼ਮ ਨੌਕਰੀਆਂ ਨੂੰ ਲੱਤ ਮਾਰ ਕੇ ਲਹਿਰ ਵਿਚ ਸ਼ਾਮਿਲ ਹੋ ਰਹੇ ਸਨ। ਭਗਤ ਸਿੰਘ ਹੁਰਾਂ ਨੇ ਵੀ ਕਾਲਜ ਦੀ ਪੜ੍ਹਾਈ ਦਾ ਤਿਆਗ ਕਰ ਦਿੱਤਾ ਹੋਇਆ ਸੀ। ਹੋਰ ਵੀ ਬਹੁਤ ਸਾਰੇ ਵੱਖਰੀ ਵੱਖਰੀ ਰਾਜਨੀਤੀ ਤੋਂ ਪ੍ਰੇਰਤ ਨੌਜਵਾਨ ਪਾੜ੍ਹੇ ਆਜ਼ਾਦੀ ਦੇ ਅੰਦੋਲਨ ਵਿਚ ਦਿਲਚਸਪੀ ਲੈ ਰਹੇ ਸਨ। ਸਭ ਦੇ ਸਾਮ੍ਹਣੇ ਇਕੋ ਹੀ ਪ੍ਰੋਗਰਾਮ ਸੀ ਅੰਗਰੇਜ਼ ਸਾਮਰਾਜ ਦਾ ਗੁਲਾਮੀ ਦਾ ਜੂਲ਼ਾ ਭਾਰਤ ਮਾਂ ਦੇ ਗਲ਼ੇ 'ਚੋਂ ਉਤਾਰ ਕੇ ਇਸ ਨੂੰ ਆਜ਼ਾਦ ਕਰਾਉਣਾ। ਜੋ ਨੌਜਵਾਨ ਇਨ੍ਹਾਂ ਗੁਲਾਮੀ



ਦੀਆਂ ਜੰਜ਼ੀਰਾਂ ਨੂੰ ਭਾਰਤ ਮਾਤਾ ਦੇ ਗਲ਼ੇ 'ਚੋਂ ਕੱਟ ਕੇ ਵਗਾਹ ਮਾਰਨ ਲਈ ਸਿਰਾਂ 'ਤੇ ਕੱਫ਼ਣ ਬੰਨ੍ਹੀ ਫਿਰਦੇ ਸਨ,ਭਗਵਤੀ ਚਰਨ ਵੁਹਰਾ ਵੀ ਉਨ੍ਹਾਂ ਦੇ ਹਮਰਾਹੀ ਬਣ ਗਏ ਸਨ। ਇਸੇ ਕਰਕੇ ਭਗਤ ਸਿੰਘ ਦੇ ਮਾਤਾ ਵਿਦਿਆਵਤੀ ਜੀ ਉਨ੍ਹਾਂ ਨੂੰ ਦਿਲ ਜਾਨ ਸਮਝਦੇ ਸਨ। ਉਨ੍ਹਾਂ ਦਾ ਅਤੇ ਪਿਤਾ ਕਿਸ਼ਨ ਸਿੰਘ ਜੀ ਦਾ ਇਸ ਪਰਿਵਾਰ ਵਿਚ ਆਮ ਹੀ ਆਉਣ ਜਾਣ ਸੀ ਤੇ ਮਾਤਾ ਵਿਦਿਆਵਤੀ ਜੀ ਤਾਂ ਦੁਰਗਾ ਜੀ ਨੂੰ ਆਪਣੀ ਬੇਟੀ ਦੀ ਤਰ੍ਹਾਂ ਹੀ ਸਮਝਦੇ ਸਨ।

ਕ੍ਰਾਂਤੀਕਾਰੀਆਂ ਦੀ ਇਹ ਲਹਿਰ ਗੁਪਤ ਰੂਪ ਵਿਚ ਹੀ ਆਪਣੀਆਂ ਗਤੀਵਿਧੀਆਂ ਚਲਾਉਂਦੀ ਸੀ। ਜਥੇਬੰਦੀ ਨੂੰ ਗੁਪਤ ਰੱਖਣਾ ਅਤੇ ਹਰੇਕ ਅੱਡੇ ਨੂੰ ਬਹੁਤ ਹੀ ਗੁਪਤ ਢੰਗ ਨਾਲ਼ ਬਚਾ ਕੇ ਰੱਖਣਾ ਜਥੇਬੰਦੀ ਦੇ ਮੁਢਲੇ ਨਿਯਮ ਹੁੰਦੇ ਸਨ। ਕਾਲਜ ਦੇ ਜੀਵਨ ਦੌਰਾਨ ਭਗਤ ਸਿੰਘ ਹੁਰਾਂ ਨੇ ਜਿਥੇ ਗੁਪਤ ਜਥੇਬੰਦੀ ਨੌਜਵਾਨ ਭਾਰਤ ਸਭਾ ਦੀ ਸਥਾਪਨਾ ਕੀਤੀ ਹੋਈ ਸੀ ਉਥੇ ਖੁੱਲ੍ਹੇ ਤੌਰ 'ਤੇ ਸਰਗਰਮੀਆਂ ਵਾਸਤੇ ਥੜ੍ਹਾ ਸਥਾਪਤ ਕੀਤਾ ਹੋਇਆ ਸੀ ਨਾਟਕ ਮੰਡਲੀਆਂ ਦਾ। ਇਨਕਲਾਬੀ ਸਰਗਰਮੀਆਂ ਦੇ ਨਾਲ਼ ਨਾਲ਼ ਇਹ ਨਾਟਕ ਮੰਡਲੀਆਂ ਨੌਜਵਾਨਾਂ ਵਿਚ ਚੇਤਨਾ ਪੈਦਾ ਕਰਨ ਲਈ ਨਾਟਕ ਬਗੈਰਾ ਕਰਕੇ ਨੌਜਵਾਨਾਂ ਦੇ ਦਿਲਾਂ ਵਿਚ ਆਜ਼ਾਦੀ ਦੀ ਚਿਣਗ ਬਾਲਦੀਆਂ ਸਨ। ਹਰ ਤਰ੍ਹਾਂ ਦੀਆਂ ਗਤੀਵਿਧੀਆਂ ਜਾਂ ਗੁਪਤ ਮੀਟਿੰਗਾਂ ਆਮ ਤੌਰ 'ਤੇ ਵੁਹਰਾ ਪਰਿਵਾਰ ਦੇ ਘਰ ਹੀ ਹੁੰਦੀਆਂ ਸਨ। ਦੁਰਗਾ ਜੀ ਨੇ ਜਿਥੇ ਆਏ ਇਨਕਲਾਬੀ ਮਹਿਮਾਨਾਂ ਦੀ ਖ਼ਾਤਰਦਾਰੀ ਕਰਨੀ ਹੁੰਦੀ ਸੀ, ਉਥੇ ਉਹ ਇਨ੍ਹਾਂ ਗਤੀਵਿਧੀਆਂ ਵਿਚ ਵੀ ਡੂੰਘੀ ਦਿਲਚਸਪੀ ਲੈਂਦੇ ਸਨ। ਇਹ ਸਾਰਾ ਕੁੱਝ ਉਨ੍ਹਾਂ ਲਈ ਇਕ ਤਰ੍ਹਾਂ ਦੇ ਮੁਢਲੇ ਸਕੂਲ ਦਾ ਦਰਜਾ ਹੀ ਰਖਦਾ ਸੀ।

ਪਾਰਟੀ ਵਿਚ ਜੈ ਚੰਦ ਵਿਦਿਆਲੰਕਾਰ ਨਾਂ ਦਾ ਇਕ ਪ੍ਰੋਫ਼ੈਸਰ ਵੀ ਗਤੀਸ਼ੀਲ ਸੀ ਪਰ ਉਹ ਜ਼ਿਆਦਾਤਰ ਕਮਰਿਆਂ ਦੇ ਅੰਦਰ ਬੈਠ ਕੇ ਬਹਿਸਾਂ ਕਰਨ ਵਾਲ਼ਾ ਹੀ ਸੀ। ਉਸ ਨੇ ਭਗਵਤੀ ਚਰਨ ਹੁਰਾਂ ਦੇ ਖਿਲਾਫ਼ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਉਹ ਸੀ.ਆਈ.ਡੀ. ਦਾ ਬੰਦਾ ਹੈ ਤੇ ਸਰਕਾਰ ਦੇ ਖ਼ਜ਼ਾਨੇ 'ਚੋਂ ਤਨਖ਼ਾਹ ਲੈਂਦਾ ਹੈ ਜੋ ਪਾਰਟੀ ਦੇ ਭੇਤ ਸੀ. ਆਈ. ਡੀ. ਨੂੰ ਦਸਦਾ ਹੈ। ਭਗਵਤੀ ਜੀ ਦੇ ਵਿਰੁੱਧ ਪਾਰਟੀ ਵਿਚ ਬੇ-ਵਿਸ਼ਵਾਸੀ ਪੈਦਾ ਹੋ ਗਈ ਸੀ ਪਰ ਇਸ ਨੂੰ ਵੀ ਇਕ ਤਰ੍ਹਾਂ ਨਾਲ਼ ਗੁਪਤ ਹੀ ਰੱਖਿਆ ਜਾ ਰਿਹਾ ਸੀ। ਪਾਰਟੀ ਵੱਲੋਂ ਵਾਜ਼ਪਾਇਨ ਨਾਂ ਦੇ ਇਕ ਸਾਥੀ ਦੀ ਡਿਊਟੀ ਲਾਈ ਗਈ ਕਿ ਉਹ ਭਗਵਤੀ ਦੀਆਂ ਗਤੀਵਿਧੀਆਂ ਦੀ ਜਾਂਚ ਕਰੇ।

ਦੁਰਗਾ ਭਾਬੀ ਨੇ ਇਸ ਬਾਰੇ ਭਗਤ ਸਿੰਘ ਦੇ ਬਹੁਤ ਹੀ ਕਰੀਬੀ ਸਾਥੀ ਸ਼ਿਵ ਵਰਮਾ ਜੀ ਨੂੰ ਦੱਸਿਆ ਕਿ ਜੈ ਚੰਦ ਵਿਦਿਆਲੰਕਾਰ ਨੂੰ ਬਹੁਤ ਹੀ ਜ਼ਿਆਦਾ ਗਿਆਨ ਸੀ ਤੇ ਪਾਰਟੀ ਵਿਚ ਇਸ ਕਰਕੇ ਉਸ ਦੀ ਬਹੁਤ ਧਾਂਕ ਸੀ। ਉਸ ਦੀ ਇਸ ਗੱਲ 'ਤੇ ਯਕੀਨ ਕਰ ਲਿਆ ਗਿਆ। ਲੈ ਦੇ ਕੇ ਸ਼ੱਕ ਦੀ ਸੂਈ ਭਗਵਤੀ ਜੀ ਦੁਆਲ਼ੇ ਘੁਮਾ ਦਿੱਤੀ ਗਈ ਕਿ ਪਾਰਟੀ ਦੇ ਜੋ ਭੇਤ ਖੁਫ਼ੀਆ ਪੁਲਿਸ ਤੱਕ ਪਹੁੰਚਦੇ ਹਨ ਉਹ ਸਿਰਫ਼ ਭਗਵਤੀ ਚਰਨ ਕਰਕੇ ਹੀ ਹੈ। ਇਸ ਤਰ੍ਹਾਂ ਇਕ ਦਿਨ ਜਦੋਂ ਭਗਵਤੀ ਜੀ ਘਰ ਨਹੀਂ ਸਨ ਤਾਂ ਯਸ਼ਪਾਲ ਅਤੇ ਇਕ ਹੋਰ ਸਾਥੀ ਵਾਸ਼ਪਾਇਨ ਉਨ੍ਹਾਂ ਦੇ ਘਰ ਆਏ ਅਤੇ ਉਨ੍ਹਾਂ ਨੇ ਬਹੁੰਤ ਹੀ ਸਾਵਧਾਨੀ ਨਾਲ਼ ਗੁਪਤ ਰੂਪ ਵਿਚ ਭਗਵਤੀ ਜੀ ਦੇ ਮਕਾਨ ਦੀ ਤਲਾਸ਼ੀ ਲਈ ਪਰ ਘਰ ਵਿਚੋਂ ਕੋਈ ਵੀ

ਇਤਰਾਜ਼ ਯੋਗ ਚੀਜ਼ ਨਾ ਮਿਲੀ ਜੋ ਮੁਖ਼ਬਰ ਹੋਣ ਦੀ ਗਵਾਹੀ ਭਰਦੀ ਹੋਵੇ।ਵਾਸ਼ਪਾਇਨ ਪੰਦਰਾਂ ਵੀਹ ਦਿਨ ਲਾਹੌਰ ਰਹੇ ਤਾਂ ਦੁਰਗਾ ਜੀ ਨੇ ਉਸ ਦੀ ਪੁੱਜ ਕੇ ਸੇਵਾ ਕੀਤੀ।ਜੇ ਕੋਈ ਅਜਿਹੀ ਗੱਲ ਹੁੰਦੀ ਤਾਂ ਉਨ੍ਹਾਂ ਨੂੰ ਇੱਥੇ ਹੀ ਫੜਾਇਆ ਜਾ ਸਕਦਾ ਸੀ।ਸਾਰੀ ਗੱਲ ਵਾਸ਼ਪਾਇਨ ਜੀ ਨੇ ਸਾਥੀਆਂ ਨਾਲ਼ ਸਾਂਝੀ ਕੀਤੀ ਤਾਂ ਅਖ਼ੀਰ ਵਾਸ਼ਪਾਇਨ ਅਤੇ ਭਗਤ ਸਿੰਘ ਦੇ ਦਖ਼ਲ ਨਾਲ਼ ਮਸਲਾ ਹੱਲ ਹੋਇਆ।ਇਨਕਲਾਬੀ ਸਫ਼ਾਂ ਵਿਚ ਕੁੱਝ ਕੁ ਸਿਰਫ਼ ਚੌਧਰ ਦੇ ਭੁੱਖੇ ਵੀ ਆ ਘੁਸਦੇ ਹਨ, ਜਿਨ੍ਹਾਂ ਨੇ ਕਰਨਾ ਕਰਾਉਣਾ ਤਾਂ ਕੁੱਝ ਹੁੰਦਾ ਨਹੀਂ ਬੱਸ ਚਾਹ ਦੇ ਕੱਪਾਂ ਉਪਰ ਹੀ ਇਨਕਲਾਬੀ ਹੋਣ ਦਾ ਭਰਮ ਪਾਲ਼ਦੇ ਹੁੰਦੇ ਹਨ।ਉਨ੍ਹਾਂ ਲਈ ਇਹ ਗੱਲ ਕੋਈ ਖ਼ਾਸ ਅਰਥ ਨਹੀਂ ਰਖਦੀ ਹੁੰਦੀ ਕਿ ਉਨ੍ਹਾਂ ਦੀ ਇਸ ਮਾਮੂਲੀ ਜਿਹੀ ਜਾਪਦੀ ਘਟੀਆ ਕਾਰਵਾਈ ਨਾਲ਼ ਜੱਥੇਬੰਦੀ ਅਤੇ ਉਸ ਮਿਸ਼ਨ ਦਾ ਕਿੰਨਾ ਕੁ ਨੁਕਸਾਨ ਹੋ ਸਕਦਾ ਹੈ।ਇਹ ਗੱਲ ਅੱਗੇ ਚੱਲ ਕੇ ਸਾਫ਼ ਕੀਤੀ ਗਈ ਹੈ।

ਕਮਾਲ ਦੀ ਗੱਲ ਤਾਂ ਇਹ ਸੀ ਜਦੋਂ ਕਦੇ ਵੀ ਇਨਕਲਾਬੀ ਸਾਥੀਆਂ ਨੂੰ ਕਿਸੇ ਮਕਾਨ ਆਦਿ ਦੀ ਲੋੜ ਪੈਂਦੀ ਤਾਂ ਉਹ ਆਮ ਤੌਰ 'ਤੇ ਭਗਵਤੀ ਜੀ ਹੀ ਆਪਣੇ ਨਾਂ 'ਤੇ ਲੈ ਕੇ ਦਿੰਦੇ ਸਨ।ਦੁਰਗਾ ਭਾਬੀ ਜੀ ਇਸ ਵਿਚ ਉਨ੍ਹਾਂ ਦਾ ਹੱਥ ਵਟਾਉਂਦੇ।ਲਾਹੌਰ ਵਿਚ ਬੰਬ ਬਣਾਉਣ ਵਾਲ਼ੀ ਫੈਕਟਰੀ ਜੋ ਫੜੀ ਗਈ ਦਾ ਮਕਾਨ ਵੀ ਭਗਵਤੀ ਜੀ ਦੇ ਨਾਂ 'ਤੇ ਹੀ ਸੀ।ਹਰ ਤਰ੍ਹਾਂ ਦੇ ਕਾਗਜ਼ ਪੱਤਰ ਜਾਂ ਡਾਕ ਆਦਿ ਵੀ ਭਗਵਤੀ ਜੀ ਦੇ ਨਾਂ 'ਤੇ ਹੀ ਆਉਂਦੇ ਹੁੰਦੇ ਸਨ।ਫਿਰ ਵੀ ਇਸ ਤਰ੍ਹਾਂ ਦਾ ਸ਼ੱਕ।

ਆਜ਼ਾਦ ਹੁਰਾਂ ਨੂੰ ਵੀ ਇਸ ਸਭ ਕਾਸੇ ਦੀ ਔਖ ਹੋ ਰਹੀ ਸੀ ਤੇ ਉਨ੍ਹਾਂ ਨੇ ਭਗਵਤੀ ਹੁਰਾਂ ਨੂੰ ਮਿਲਣਾ ਜੁਲਣਾ ਬੰਦ ਕੀਤਾ ਹੋਇਆ ਸੀ।ਇਸ ਗੱਲ ਦਾ ਭਗਵਤੀ ਜੀ ਅਤੇ ਦੁਰਗਾ ਭਾਬੀ ਜੀ ਨੂੰ ਵੀ ਪਤਾ ਸੀ ਤੇ ਉਹ ਇਸ ਦੀ ਬਹੁਤ ਔਖ ਮੰਨਦੇ ਸਨ ਪਰ ਇਸ ਦਾ ਕੋਈ ਹੱਲ ਨਹੀਂ ਸੀ ਨਿਕਲ ਰਿਹਾ।ਭਗਵਤੀ ਚਰਨ ਵੋਹਰਾ ਚੰਦਰ ਸ਼ੇਖਰ ਆਜ਼ਾਦ ਨੂੰ ਮਿਲਣ ਲਈ ਉਤਾਵਲੇ ਸਨ।ਉਹ ਉਨ੍ਹਾਂ ਦਾ ਪਿੱਛਾ ਕਰਦੇ ਕਾਨ੍ਹਪੁਰ, ਗਵਾਲੀਅਰ, ਝਾਂਸੀ ਆਦਿ ਥਾਂਵਾਂ 'ਤੇ ਘੁਮਦੇ ਫਿਰੇ ਪਰ ਆਜ਼ਾਦ ਹੁਰਾਂ ਨੇ ਉਨ੍ਹਾਂ ਨੂੰ ਮਿਲਣ ਦਾ ਮੌਕਾ ਨਾ ਹੀ ਦਿੱਤਾ।ਕੁੱਝ ਦਿਨਾਂ ਬਾਅਦ ਗਣੇਸ਼ ਸ਼ੰਕਰ ਵਿਦਿਆਰਥੀ ਤੋਂ ਵੀ ਪਤਾ ਲੱਗਿਆ ਕਿ ਚੰਦਰ ਸ਼ੇਖਰ ਹੁਰਾਂ ਦੀ ਭਗਵਤੀ ਹੁਰਾਂ ਬਾਰੇ ਰਾਇ ਠੀਕ ਨਹੀਂ।ਉਹ ਉਨ੍ਹਾਂ ਪਾਸੋਂ ਨਾ ਕੋਈ ਸਹਾਇਤਾ ਹੀ ਚਾਹੁੰਦੇ ਸਨ ਤੇ ਨਾ ਹੀ ਸੰਪਰਕ ਕਰਨਾ ਮੁਨਾਸਿਬ ਸਮਝਦੇ ਸਨ।ਵੋਹਰਾ ਜੀ ਦਾ ਮਨ ਬਹੁਤ ਦੁਖੀ ਹੋਇਆ ਪਰ ਉਨ੍ਹਾਂ ਕਿਹਾ-''ਕੋਈ ਗੱਲ ਨਹੀਂ ਇਹ ਗੱਲ ਆਪੇ ਹੀ ਕਿਸੇ ਦਿਨ ਸਾਫ਼ ਹੋ ਜਾਵੇਗੀ।

ਇਕ ਦਿਨ ਕਾਂਸ਼ੀ ਰਾਮ ਅਦਾਲਤ ਵਿਚ ਜੈ ਦੇਵ ਕਪੂਰ ਨੂੰ ਮਿਲਣ ਆਏ ।ਉਨ੍ਹਾਂ ਨੇ ਹੋਰ ਸਾਥੀਆਂ ਦੇ ਨਾਲ਼ ਭਗਤ ਸਿੰਘ ਅਤੇ ਭਗਵਤੀ ਚਰਨ ਹੁਰਾਂ ਬਾਰੇ ਪੁਛਿਆ।ਸਾਰੇ ਸਾਥੀਆਂ ਨੇ ਇਕ ਸੁਰ ਹੋ ਕੇ ਕਿਹਾ ਕਿ ਇਹ ਸਭ ਕੂੜ ਪ੍ਰਚਾਰ ਹੈ ਅਤੇ ਕਿਹਾ ਉਹ ਬਹੁਤ ਹੀ ਪੱਕੇ ਇਰਾਦੇ ਅਤੇ ਤਿਆਗ ਦੀ ਸ਼ਾਖ਼ਸ਼ਾਤ ਮੂਰਤ ਹਨ।ਕਾਂਸ਼ੀ ਰਾਮ ਲਾਹੌਰ ਦੁਰਗਾ ਭਾਬੀ ਕੋਲ ਠਹਿਰੇ ਸਨ ਅਤੇ ਉਨ੍ਹਾਂ ਦੇ ਵਿਵਹਾਰ ਤੋਂ ਪ੍ਰਭਾਵਤ ਹੋਏ ਸਨ।ਉਨ੍ਹਾਂ ਨੇ ਦਿੱਲੀ ਜਾ ਕੇ ਕੈਲਾਸ਼ਪਤੀ ਨੂੰ ਸਾਰੀ ਗੱਲ ਦੱਸੀ ਜੋ ਉਸ ਵੇਲ਼ੇ ਦਿੱਲੀ ਵਿਚ ਆਜ਼ਾਦ ਹੁਰਾਂ ਵੱਲੋਂ ਸੰਗਠਨ ਕਰਤਾ ਸੀ।ਇਹ ਸਾਰੀਆਂ ਗੱਲਾਂ ਉਨ੍ਹਾਂ ਨੇ ਆਜ਼ਾਦ ਹੁਰਾਂ ਤੱਕ



ਪਹੁੰਚਾ ਦਿੱਤੀਆਂ ਅਤੇ ਭਗਵਤੀ ਹੁਰਾਂ ਨਾਲ਼ ਵੀ ਸੰਪਰਕ ਕਰ ਲਿਆ।ਉਸੇ ਵਕਤ ਆਜ਼ਾਦ ਭਗਤ ਸਿੰਘ ਨੂੰ ਜੇਲ੍ਹ ਵਿਚੋਂ ਕਢਵਾਉਣ ਦੀਆਂ ਤਿਆਰੀਆਂ ਕਰ ਰਹੇ ਸਨ ਜਦੋਂ ਇਹੋ ਜਿਹੀਆਂ ਗੱਲਾਂ ਨਾਲ਼ ਵੀ ਉਨ੍ਹਾਂ ਨੂੰ ਥੋੜ੍ਹਣਾ ਪੈ ਰਿਹਾ ਸੀ।ਉਨ੍ਹਾਂ ਨੇ ਵਾਸ਼ਪਾਇਨ ਨੂੰ ਲਾਹੌਰ ਭੇਜਿਆ ਤੇ ਭਗਤ ਸਿੰਘ ਰਾਹੀਂ ਕਹਾਇਆ ਕਿ ਉਨ੍ਹਾਂ ਦਾ ਲਾਹੌਰ ਵਿਚ ਰਹਿਣ ਦਾ ਬੰਦੋਬਸਤ ਕੀਤਾ ਜਾਵੇ।ਭਗਤ ਸਿੰਘ ਨੇ ਸੁਨੇਹਾ ਲਾ ਕੇ ਇਹ ਕੰਮ ਦੁਰਗਾ ਭਾਬੀ ਜੀ ਨੂੰ ਸੌਂਪ ਦਿੱਤਾ।ਭਾਬੀ ਨੇ ਇੰਦਰਪਾਲ ਦੇ ਰਾਹੀਂ ਸਾਰਾ ਪ੍ਰਬੰਧ ਕਰ ਦਿੱਤਾ।ਵਾਸ਼ਪਾਇਨ ਉਥੇ ਤਿੰਨ ਹਫ਼ਤੇ ਰਹੇ ਤੇ ਜਦੋਂ ਉਨ੍ਹਾਂ ਨੇ ਆਪਣੇ ਜਾਣ ਬਾਰੇ ਕਿਹਾ ਕਿ ਕੁੱਝ ਪੈਸਿਆਂ ਦਾ ਪ੍ਰਬੰਧ ਹੋ ਜਾਵੇ ਤਾਂ ਇੰਦਰਪਾਲ ਹੀ ਜਵਾਬ ਲਿਆਏ ਕਿ ਉਨ੍ਹਾਂ ਨੂੰ ਕਿਧਰੇ ਜਾਣ ਦੀ ਜ਼ਰੂਰਤ ਨਹੀਂ ਸਭ ਕੁੱਝ ਇੱਥੇ ਹੀ ਹੋ ਜਾਵੇਗਾ।ਇਸ ਦੇ ਨਾਲ਼ ਹੀ ਉਨ੍ਹਾਂ ਦੇ ਰਹਿਣ ਦਾ ਬੰਦੋਬਸਤ ਵੀ ਹੋ ਗਿਆ ਹੈ।ਵਾਸ਼ਪਾਇਨ ਜੀ ਇਸ ਗੱਲ 'ਤੇ ਬਹੁਤ ਹੈਰਾਨ ਹੋਏ ਕਿ ਲਾਹੌਰ ਵਰਗੇ ਅਣਜਾਣ ਸ਼ਹਿਰ ਵਿਚ ਉਨ੍ਹਾਂ ਦਾ ਬੰਦੋਬਸਤ ਕਰਨ ਵਾਲ਼ਾ ਕੌਣ ਹੋ ਸਕਦਾ ਹੈ।ਉਨ੍ਹਾਂ ਨੇ ਜਦ ਇਸ ਬਾਰੇ ਜਾਣਨਾ ਚਾਹਿਆ ਤਾਂ ਇੰਦਰਪਾਲ ਜੀ ਨੇ ਕਿਹਾ-''ਇਹ ਸਾਰਾ ਕੁੱਝ ਸ੍ਰੀਮਤੀ ਵੋਹਰਾ ਨੇ ਕੀਤਾ ਹੈ।''

ਇਹ ਨਾਂ ਸੁਣ ਕੇ ਵਾਸ਼ਪਾਇਨ ਚੌਂਕ ਪਿਆ ਕਿਉਂਕਿ ਕਾਨ੍ਹਪੁਰ ਤੋਂ ਚੱਲਣ ਵੇਲ਼ੇ ਤਾ ਉਸਨੂੰ ਦੁਰਗਾ ਭਾਬੀ ਅਤੇ ਭਗਵਤੀ ਚਰਨ ਤੋਂ ਦੂਰ ਰਹਿਣ ਲਈ ਕਿਹਾ ਗਿਆ ਸੀ ਪਰ ਜਦ ਸਾਰੀ ਗੱਲ ਦਾ ਪਤਾ ਲੱਗਿਆ ਕਿ ਇਹ ਸਾਰਾ ਬੰਦੋਬਸਤ ਸ੍ਰੀਮਤੀ ਵੋਹਰਾ ਜੀ ਦੀ ਬਦੌਲਤ ਹੋਇਆ ਹੈ ਤਾਂ ਉਨ੍ਹਾਂ ਦੀ ਹੈਰਾਨੀ ਦੀ ਕੋਈ ਹੱਦ ਹੀ ਨਾ ਰਹੀ।ਇੱਥੇ ਤਾਂ ਮਾਮਲਾ ਹੀ ਹੋਰ ਨਿਕਲਿਆ ਸੀ।ਉਹ ਪੰਦਰਾਂ ਵੀਹ ਦਿਨ ਦੁਰਗਾ ਜੀ ਦੀ ਨਿਗਰਾਨੀ ਵਿਚ ਰਹੇ।ਦੁਰਗਾ ਭਾਬੀ ਨੇ ਉਸ ਦਾ ਹਰ ਤਰ੍ਹਾਂ ਖ਼ਿਆਲ ਰੱਖਿਆ।ਕਿਸੇ ਕਿਸਮ ਦੀ ਕੋਈ ਔਖ ਨਹੀਂ ਆਉਣ ਦਿੱਤੀ।ਇਸ ਗੱਲ ਨੇ ਵਾਸ਼ਪਾਇਨ ਜੀ ਨੂੰ ਹੈਰਾਨ ਹੀ ਕਰ ਦਿੱਤਾ ਕਿ ਜੇ ਸੀ.ਆਈ.ਡੀ. ਵਾਲ਼ੀ ਗੱਲ ਇਕ ਪ੍ਰਤੀਸ਼ਤ ਵੀ ਸੱਚੀ ਹੁੰਦੀ ਤਾਂ ਦੁਰਗਾ ਭਾਬੀ ਉਸ ਨੂੰ ਕਦੋਂ ਦੀ ਗ੍ਰਿਫ਼ਤਾਰ ਕਰਵਾ ਸਕਦੀ ਸੀ।ਦੂਸਰੇ ਦਿਨ ਵਾਸ਼ਪਾਇਨ ਦੁਰਗਾ ਭਾਬੀ ਨੂੰ ਮਿਲੇ ਤਾਂ ਉਨ੍ਹਾਂ ਦੱਸਿਆ ਕਿ ਉਹ ਆਜ਼ਾਦ ਕੋਲੋਂ ਆਏ ਹਨ ਤਾ ਭਾਬੀ ਨੇ ਭਗਵਤੀ ਚਰਨ ਬਾਰੇ ਗੱਲ ਤੋਰੀ ਅਤੇ ਕਿਹਾ-''ਮੇਰੇ ਪਤੀ ਆਜ਼ਾਦ ਜੀ ਨੂੰ ਮਿਲਣਾ ਚਾਹੁੰਦੇ ਹਨ ਪਰ ਉਹ ਉਨ੍ਹਾਂ ਨੂੰ ਮਿਲਣਾ ਨਹੀਂ ਚਾਹੁੰਦੇ।''ਵਾਸ਼ਪਾਇਨ ਨੇ ਜਵਾਬ ਦਿੱਤਾ ਕਿ ਉਹ ਜਾ ਕੇ ਯਤਨ ਕਰੇਗਾ ਕਿ ਚੰਦਰ ਸ਼ੇਖਰ ਆਜ਼ਾਦ ਭਗਵਤੀ ਚਰਨ ਵੋਹਰਾ ਨੂੰ ਮਿਲਣ।ਉਨ੍ਹਾਂ ਨੇ ਜਾ ਕੇ ਇਹ ਕੰਮ ਹੀ ਪਹਿਲ ਦੇ ਆਧਾਰ 'ਤੇ ਕੀਤਾ ਅਤੇ ਉਨ੍ਹਾਂ ਦਾ ਮੇਲ ਕਰਵਾ ਦਿੱਤਾ।ਉਹ ਦੋਵੇਂ ਜਣੇ ਇਸ ਤਰ੍ਹਾਂ ਮਿਲੇ ਜਿਵੇਂ ਦੋ ਸਕੇ ਭਰਾ ਸਾਲਾਂ ਬਾਅਦ ਆਪਸ ਵਿਚ ਮਿਲਦੇ ਹਨ।

ਉਸ ਤੋਂ ਬਾਅਦ ਅਸਲ ਬੰਦਾ ਵੀ ਲੱਭ ਲਿਆ ਗਿਆ ਜੋ ਕਿ ਜੈ ਚੰਦ ਵਿਦਿਆਲੰਕਾਰ ਹੀ ਸੀ।ਵੋਹਰਾ ਜੀ ਦਾ ਪਾਰਟੀ ਵਿਚ ਪਹਿਲਾਂ ਨਾਲੋਂ ਵੀ ਬਹੁਤਾ ਸਤਿਕਾਰ ਬਹਾਲ ਹੋ ਗਿਆ।ਫਿਰ ਤੋਂ ਸਭ ਦਾ ਆਪਸੀ ਪਿਆਰ ਹੋਰ ਵੀ ਗੂੜ੍ਹਾ ਹੋ ਗਿਆ।ਪਾਰਟੀ ਗਤੀਵਿਧੀਆਂ ਵਿਚ ਫਿਰ ਸਰਗਰਮੀ ਨਾਲ਼ ਕੰਮ ਹੋਣ ਲੱਗਿਆ।ਸ਼ਿਵ ਵਰਮਾ ਜੀ ਨੇ ਇਹ ਸਭ ਵੇਰਵੇ 'ਸ਼ਹੀਦਾਂ ਦੇ ਅੰਗ ਸੰਗ' ਪੁਸਤਕ ਵਿਚ ਦਿੱਤੇ ਹਨ

ਜਿਸ ਵਿਚ ਉਹ ਅੱਗੇ ਚੱਲ ਕੇ ਭਗਵਤੀ ਜੀ ਬਾਰੇ ਲਿਖਦੇ ਹਨ ਕਿ ਇਕ ਪਾਸੇ ਤਾਂ ਕਿਸੇ ਬੰਦੇ 'ਤੇ ਜਸੂਸੀ ਦਾ ਦੋਸ਼ ਹੋਵੇ ਤੇ ਦੂਜੇ ਪਾਸੇ ਉਸੇ ਨੂੰ ਹੀ ਵੱਧ ਜ਼ਿੰਮੇਵਾਰੀਆਂ ਦਿੱਤੀਆਂ ਜਾ ਰਹੀਆਂ ਹੋਣ ਇਹ ਗੱਲ ਤਾਂ ਕਿਸੇ ਦੇ ਵੀ ਹਜ਼ਮ ਹੋਣ ਵਾਲੀ ਨਹੀਂ।ਮੇਰੇ ਤਾਂ ਇਹ ਗੱਲ ਗਲ਼ੇ ਤੋਂ ਹੇਠ ਨਹੀਂ ਉਤਰਦੀ।''

ਦੁਰਗਾ ਜੀ ਆਪਣੀ ਮੁਲਾਕਾਤ ਸਮੇਂ ਇਕ ਸੁਆਲ ਦੇ ਜਵਾਬ ਵਿਚ ਕਿਹਾ ਕਿ ਕੁੱਝ ਲੋਕਾਂ ਨੂੰ ਸਿਰਫ਼ ਨੇਤਾਗਿਰੀ ਕਰਨ ਦਾ ਹੀ ਸ਼ੌਕ ਹੁੰਦਾ ਹੈ।ਉਨ੍ਹਾਂ ਉਪਰ ਆਪਣਾ ਨਾਂ ਚਮਕੌਣ ਦਾ ਹੀ ਭੂਤ ਸਵਾਰ ਹੁੰਦਾ ਹੈ ਪਰ ਪਾਰਟੀ ਪ੍ਰਤੀ ਉਹ ਬਿੱਲਕੁੱਲ ਵੀ ਸੁਹਿਰਦ ਨਹੀਂ ਹੁੰਦੇ।ਉਹ ਆਮ ਤੌਰ 'ਤੇ ਹੀ ਜੋਖਮ ਵਾਲ਼ੇ ਕੰਮਾਂ ਤੋਂ ਘੇਸਲ ਮਾਰ ਜਾਂਦੇ ਹਨ ਪਰ ਵੱਡੀਆਂ ਵੱਡੀਆਂ ਬਹਿਸਾਂ ਕਰਨ ਵਿਚ ਕਿਸੇ ਨੂੰ ਵੀ ਅੱਗੇ ਨਹੀਂ ਆਉਣ ਦਿੰਦੇ।ਬੱਸ ਇਸ ਤਰ੍ਹਾਂ ਦਾ ਬੰਦਾ ਹੀ ਸੀ ਜੈ ਚੰਦ ਜਿਸ ਨੂੰ ਵੱਧ ਤੋਂ ਵੱਧ ਘੁਣਤਰਾਂ ਕੱਢਣ ਵਿਚ ਬਹੁਤ ਮੁਹਾਰਤ ਸੀ।ਉਹ ਸਿਰਫ਼ ਬਹਿਸਾਂ ਤੱਕ ਹੀ ਸੀਮਤ ਰਹਿੰਦਾ ਸੀ ਪਰ ਜਦੋਂ ਉਸਨੂੰ ਕੋਈ ਜ਼ਿੰਮੇਵਾਰੀ ਸੌਂਪੀ ਜਾਂਦੀ ਸੀ ਤਾਂ ਉਹ ਟਲ ਜਾਂਦਾ ਸੀ।ਇਹੋ ਜਿਹੇ ਲੋਕ ਆਮ ਤੌਰ 'ਤੇ ਤਿਆਗ ਅਤੇ ਬਲੀਦਾਨ ਤੋਂ ਬਗੈਰ ਹੀ ਸ਼ੁਹਰਤ ਕਮਾਉਣ ਦੀ ਤਾਕ ਵਿਚ ਰਹਿੰਦੇ ਹਨ ਅਤੇ ਦੂਜਿਆਂ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਆਪਣਾ ਉਲੂ ਸਿੱਧਾ ਕਰਨ ਵਿਚ ਮਾਹਿਰ ਹੁੰਦੇ ਹਨ।ਉਹ ਜਿਵੇਂ ਇਸ ਕੰਮ ਲਈ ਹੀ ਬਣੇ ਹੁੰਦੇ ਹਨ।

ਇਸ ਮਸਲੇ ਦੀਆਂ ਜਦੋਂ ਤਹਿਆਂ ਫਰੋਲੀਆਂ ਗਈਆਂ ਤਾਂ ਪਤਾ ਲੱਗਿਆ ਕਿ ਜੈ ਚੰਦ ਇਕ ਦਿਨ ਸੁਸ਼ੀਲ ਦੀਦੀ ਜੀ ਕੋਲ ਆਇਆ।ਉਸ ਨੇ ਕਾਕੋਰੀ ਕੇਸ ਦੇ ਦੋਸ਼ੀਆਂ ਨੂੰ ਰਿਹਾ ਕਰਾਉਣ ਲਈ ਪੈਸਿਆਂ ਦੀ ਜ਼ਰੂਰਤ ਹੈ ਤਾਂ ਦੀਦੀ ਜੀ ਨੇ ਆਪਣੀਆਂ ਸੋਨੇ ਦੀਆਂ ਚੂੜੀਆਂ ਦੇ ਦਿੱਤੀਆਂ।ਜੈ ਚੰਦ ਕਹਿਣ ਲੱਗਿਆ ਕਿ ਉਸ ਦੀ ਕਿਸੇ ਰਿਸ਼ਤੇਦਾਰ ਦੀ ਸ਼ਾਦੀ ਲਈ ਸੋਨੇ ਦੀਆਂ ਚੂੜੀਆਂ ਦੀ ਜ਼ਰੂਰਤ ਸੀ।ਇਨ੍ਹਾਂ ਚੂੜੀਆਂ ਦੀ ਕੀਮਤ ਦੇ ਪੈਸੇ ਪਾਰਟੀ ਫੰਡ ਵਿਚ ਦੇ ਦਿੱਤੇ ਜਾਣਗੇ।ਜਦੋਂ ਇਸ ਗੱਲ ਦਾ ਭਗਵਤੀ ਜੀ ਨੂੰ ਪਤਾ ਲੱਗਿਆ ਤਾਂ ਉਨ੍ਹਾਂ ਨੇ ਜੈ ਚੰਦ ਨੂੰ ਸਪਸ਼ਟ ਹੀ ਕਹਿ ਦਿੱਤਾ ਕਿ ਜੇ ਸੁਸ਼ੀਲਾ ਦੀਦੀ ਚੂੜੀਆਂ ਤੋਂ ਬਗੈਰ ਰਹਿ ਸਕਦੇ ਹਨ ਤਾਂ ਉਹ ਰਿਸ਼ਤੇਦਾਰ ਕੁੜੀ ਵੀ ਰਹਿ ਸਕਦੀ ਹੈ।ਇਸ ਲਈ ਸ਼ੀਲਾ ਦੀਦੀ ਦੀਆਂ ਚੂੜੀਆਂ ਹਰਗਿਜ਼ ਨਹੀਂ ਵੇਚੀਆਂ ਜਾਣਗੀਆਂ।ਬੱਸ ਇਸ ਗੱਲ ਤੋਂ ਹੀ ਜੈ ਚੰਦ ਭਗਵਤੀ ਜੀ ਦੇ ਖ਼ਿਲਾਫ਼ ਪੈ ਗਿਆ ਸੀ।

ਜਥੇਬੰਦੀ ਦੇ ਸਭ ਤਰ੍ਹਾਂ ਦੇ ਭੇਤ ਹਰ ਕਿਸੇ ਨਾਲ਼ ਵੀ ਸਾਂਝੇ ਨਹੀਂ ਸੀ ਕੀਤੇ ਜਾਂਦੇ ਭਾਵੇਂ ਕਿ ਉਹ ਸਾਥੀ ਕਿੰਨਾ ਹੀ ਜਥੇਬੰਦੀ ਪ੍ਰਤੀ ਵਫ਼ਾਦਾਰ ਕਿਉਂ ਨਾ ਹੋਵੇ।ਦੁਰਗਾ ਜੀ ਦੇ ਆਪਣੇ ਹੀ ਸ਼ਬਦਾਂ ਵਿਚ ਜਦੋਂ ਸਾਂਡਰਸ ਦਾ ਕਤਲ ਕੀਤਾ ਗਿਆ ਤਾਂ ਉਨ੍ਹਾਂ ਨੂੰ ਸਿਰਫ਼ ਇੰਨਾ ਕੁ ਹੀ ਪਤਾ ਸੀ ਕਿ ਕੋਈ ਨਾ ਕੋਈ ਗੱਲ ਹੋਣ ਵਾਲ਼ੀ ਹੈ।ਕੀ ਹੋਣ ਵਾਲ਼ਾ ਹੈ ਇਹ ਉਨ੍ਹਾਂ ਨੂੰ ਬਿੱਲਕੁੱਲ ਵੀ ਪਤਾ ਨਹੀਂ ਸੀ।ਜਦੋਂ ਲਾਲਾ ਲਾਜਪਤ ਰਾਇ ਦੀ ਮੌਤ ਦਾ ਬਦਲਾ ਲੈਣ ਲਈ ਸਾਂਡਰਸ ਦਾ ਕਤਲ ਕੀਤਾ ਗਿਆ ਉਸ ਵਕਤ ਭਗਵਤੀ ਚਰਨ ਵੋਹਰਾ ਕਲਕੱਤੇ ਸਨ।ਇਹ ਐਕਸ਼ਨ ਹੋਣ ਤੋਂ ਪਹਿਲਾਂ ਹੀ ਭਗਵਤੀ ਜੀ ਕਲਕੱਤੇ ਚਲੇ ਗਏ ਸਨ ਕਿਉਂਕਿ ਉਨ੍ਹਾਂ ਦਾ ਲਾਹੌਰ ਰਹਿਣਾ ਖ਼ਤਰੇ ਤੋਂ ਖਾਲੀ ਨਹੀਂ



ਸੀ।ਦੁਰਗਾ ਭਾਬੀ ਇਕੱਲੇ ਹੀ ਆਪਣੇ ਬੇਟੇ ਸ਼ੱਚੀ ਦੇ ਨਾਲ਼ ਲਾਹੌਰ ਰਹਿੰਦੇ ਸਨ।ਭਗਵਤੀ ਜੀ ਕਦੇ ਕਦਾਈਂ ਲੁਕ ਛਿਪ ਕੇ ਹੀ ਆਉਂਦੇ ਸਨ।ਲਾਹੌਰ ਛੱਡ ਜਾਣ ਤੋਂ ਬਾਅਦ ਵੋਹਰਾ ਜੀ ਦੋ ਦਿਨ ਗੁਪਤ ਤੌਰ 'ਤੇ ਆਏ ਵੀ ਸਨ ਤੇ ਦੋ ਦਿਨ ਰਹੇ ਸਨ।ਉਦੋਂ ਉਹ ਦੁਰਗਾ ਭਾਬੀ ਜੀ ਨੂੰ ਪੰਜ ਸੌ ਰੁਪਏ ਦੇ ਗਏ ਸਨ ਅਤੇ ਇਹ ਤਾਕੀਦ ਕਰ ਗਏ ਸਨ ਕਿ ਇਹ ਰਕਮ ਕਿਸੇ ਖ਼ਾਸ ਮਕਸਦ ਲਈ ਹੈ।ਸੁਖਦੇਵ ਜਾਂ ਭਗਤ ਸਿੰਘ 'ਚੋਂ ਕੋਈ ਪੈਸੇ ਮੰਗੇ ਤਾਂ ਉਨ੍ਹਾਂ ਨੂੰ ਦੇ ਦਿੱਤੇ ਜਾਣ।ਉਸ ਵਕਤ ਦੁਰਗਾ ਜੀ ਨੂੰ ਕੁੱਝ ਸ਼ੱਕ ਵੀ ਪਿਆ ਸੀ ਕਿ ਜ਼ਰੂਰ ਕੋਈ ਗੱਲ ਹੈ ਪਰ ਉਨ੍ਹਾ ਨੇ ਇਸ ਬਾਰੇ ਕੋਈ ਵੀ ਪੜਤਾਲ਼ ਕਰਨੀ ਮੁਨਾਸਿਬ ਨਹੀਂ ਸੀ ਸਮਝੀ।

ਜਥੇਬੰਦੀ ਦੇ ਸਭ ਤਰ੍ਹਾਂ ਦੇ ਭੇਤ ਹਰ ਕਿਸੇ ਨਾਲ਼ ਵੀ ਸਾਂਝੇ ਨਹੀਂ ਸੀ ਕੀਤੇ ਜਾਂਦੇ ਭਾਵੇਂ ਕਿ ਉਹ ਸਾਥੀ ਕਿੰਨਾ ਹੀ ਜਥੇਬੰਦੀ ਪ੍ਰਤੀ ਵਫ਼ਾਦਾਰ ਕਿਉਂ ਨਾ ਹੋਵੇ।ਦੁਰਗਾ ਜੀ ਦੇ ਆਪਣੇ ਹੀ ਸ਼ਬਦਾਂ ਵਿਚ ਜਦੋਂ ਸਾਂਡਰਸ ਦਾ ਕਤਲ ਕੀਤਾ ਗਿਆ ਤਾਂ ਉਨ੍ਹਾਂ ਨੂੰ ਸਿਰਫ਼ ਇੰਨਾ ਕੁ ਹੀ ਪਤਾ ਸੀ ਕਿ ਕੋਈ ਨਾ ਕੋਈ ਗੱਲ ਹੋਣ ਵਾਲ਼ੀ ਹੈ।ਕੀ ਹੋਣ ਵਾਲ਼ਾ ਹੈ ਇਹ ਉਨ੍ਹਾਂ ਨੂੰ ਬਿੱਲਕੁੱਲ ਵੀ ਪਤਾ ਨਹੀਂ ਸੀ।ਜਦੋਂ ਲਾਲਾ ਲਾਜਪਤ ਰਾਇ ਦੀ ਮੌਤ ਦਾ ਬਦਲਾ ਲੈਣ ਲਈ ਸਾਂਡਰਸ ਦਾ ਕਤਲ ਕੀਤਾ ਗਿਆ ਉਸ ਵਕਤ ਭਗਵਤੀ ਚਰਨ ਵੋਹਰਾ ਕਲਕੱਤੇ ਸਨ।ਮੇਰਠ ਸਾਜ਼ਿਸ਼ ਕੇਸ ਅਧੀਨ ਉਨ੍ਹਾਂ ਦੇ ਵਾਰੰਟ ਸਨ 'ਤੇ ਉਹ ਬਹੁਤ ਹੀ ਘੱਟ ਲਾਹੌਰ ਆਉਂਦੇ ਸਨ।ਦੁਰਗਾ ਭਾਬੀ ਇਕੱਲੇ ਹੀ ਆਪਣੇ ਬੇਟੇ ਸ਼ੱਚੀ ਦੇ ਨਾਲ਼ ਲਾਹੌਰ ਰਹਿੰਦੇ ਸਨ।ਭਗਵਤੀ ਜੀ ਕਦੇ ਕਦਾਈਂ ਲੁਕ ਛਿਪ ਕੇ ਹੀ ਆਉਂਦੇ ਸਨ।ਲਾਹੌਰ ਛੱਡ ਜਾਣ ਤੋਂ ਬਾਅਦ ਵੋਹਰਾ ਜੀ ਦੋ ਦਿਨ ਗੁਪਤ ਤੌਰ 'ਤੇ ਆਏ ਵੀ ਸਨ ਤੇ ਦੋ ਦਿਨ ਰਹੇ ਸਨ।ਉਦੋਂ ਉਹ ਦੁਰਗਾ ਭਾਬੀ ਜੀ ਨੂੰ ਪੰਜ ਸੌ ਰੁਪਏ ਦੇ ਗਏ ਸਨ ਅਤੇ ਇਹ ਤਾਕੀਦ ਕਰ ਗਏ ਸਨ ਕਿ ਇਹ ਰਕਮ ਕਿਸੇ ਖ਼ਾਸ ਮਕਸਦ ਲਈ ਹੈ।ਜਦ ਇਸ ਦੀ ਲੋੜ ਪਵੇਗੀ ਵਰਤੀ ਜਾਏਗੀ।ਉਸ ਵਕਤ ਦੁਰਗਾ ਜੀ ਨੂੰ ਕੁੱਝ ਸ਼ੱਕ ਵੀ ਪਿਆ ਸੀ ਕਿ ਜ਼ਰੂਰ ਕੋਈ ਗੱਲ ਹੈ ਪਰ ਉਨ੍ਹਾ ਨੇ ਇਸ ਬਾਰੇ ਕੋਈ ਵੀ ਪੜਤਾਲ਼ ਕਰਨੀ ਮੁਨਾਸਿਬ ਨਹੀਂ ਸੀ ਸਮਝੀ।

ਦੁਰਗਾ ਭਾਬੀ ਜੀ ਉਨ੍ਹੀਂ ਦਿਨੀਂ ਆਰੀਆ ਕੰਨਿਆ ਪਾਠਸ਼ਾਲਾ ਵਿਚ ਹਿੰਦੀ ਪੜ੍ਹਾਉਂਦੇ ਸਨ।ਸਕੂਲ ਦਾ ਇਕ ਅਨੁਸ਼ਾਸਨ ਹੁੰਦਾ ਸੀ ਕਿ ਜਦ ਤੱਕ ਸਾਰੀਆਂ ਲੜਕੀਆਂ ਸਕੂਲ ਨਾ ਛੱਡ ਜਾਣ ਤਦ ਤੱਕ ਅਧਿਆਪਕਾਵਾਂ ਸਕੂਲ ਛੱਡ ਕੇ ਨਹੀਂ ਸਨ ਜਾ ਸਕਦੀਆਂ।ਉਸ ਦਿਨ ਦੁਰਗਾ ਜੀ ਦੀ ਵਾਰੀ ਸੀ।ਬੱਸ ਦੇ ਡਰਾਈਵਰ ਨੇ ਦੱਸਿਆ ਕਿ ਸ਼ਹਿਰ ਵਿਚ ਹਰ ਪਾਸੇ ਪੁਲਸ ਹੀ ਪੁਲਸ ਫਿਰਦੀ ਹੈ ਕੋਈ ਵੱਡੀ ਘਟਨਾ ਵਾਪਰ ਗਈ ਹੈ ਪਰ ਉਸ ਨੂੰ ਵੀ ਅਸਲ ਗੱਲ ਦਾ ਇਲਮ ਨਹੀਂ ਸੀ।ਹਰ ਪਾਸੇ ਹੱਲ-ਚੱਲ ਮੱਚੀ ਹੋਈ ਸੀ।ਦੁਰਗਾ ਜੀ ਨੇ ਡਰਾਈਵਰ ਨੂੰ ਉਸੇ ਪਾਸੇ ਤੋਂ ਚੱਲਣ ਲਈ ਕਿਹਾ ਤਾਂ ਜੋ ਮਾਮਲੇ ਦਾ ਪਤਾ ਲਗਾਇਆ ਜਾ ਸਕੇ।ਸਭ ਪਾਸੇ ਅਫ਼ਸਰ ਹੀ ਅਫ਼ਸਰ ਤੇ ਪੁਲਸ ਹੀ ਪੁਲਸ ਜਮ੍ਹਾਂ ਸੀ।ਉਨ੍ਹਾਂ ਨੂੰ ਕਿਸੇ ਕਿਸਮ ਦੀ ਕਿਸੇ ਗੱਲ ਦਾ ਪਤਾ ਨਾ ਲੱਗ ਸਕਿਆ।ਕਿਸੇ ਕੋਲੋਂ ਪੁਛਿਆ ਵੀ ਨਹੀਂ ਸੀ ਜਾ ਸਕਦਾ।

ਉਸੇ ਦਿਨ ਰਾਤ ਦੇ ਮੌਕੇ ਸੁਖਦੇਵ ਦੁਰਗਾ ਜੀ ਦੇ ਕੋਲ਼ ਆਇਆ ਸੀ ਤੇ ਉਸ

ਨੇ ਪੈਸਿਆਂ ਦੀ ਮੰਗ ਕੀਤੀ ਸੀ।ਦੁਰਗਾ ਜੀ ਨੇ ਉਹ ਪੰਜ ਸੌ ਰੁਪਏ ਸੁਖਦੇਵ ਨੂੰ ਦਿੰਦਿਆਂ ਵੀ ਕੋਈ ਪ੍ਰਸ਼ਨ ਨਹੀਂ ਕੀਤਾ।ਬਹੁਤ ਕਾਹਲ਼ੀ ਕਾਹਲ਼ੀ ਸੁਖਦੇਵ ਚਲੇ ਗਏ।ਫਿਰ ਕੁੱਝ ਚਿਰ ਬਾਅਦ ਮੁੜ ਆਏ ਤੇ ਦੁਰਗਾ ਜੀ ਨੂੰ ਪੁਛਿਆ-''ਕਿਤੇ ਬਾਹਰ ਜਾ ਸਕੋਗੇ ?''

''ਕੀ ਕੰਮ ਹੈ ? ਕਿਥੇ ਜਾਣਾ ਹੈ ?''ਦੁਰਗਾ ਜੀ ਨੇ ਪੁਛਿਆ।

''ਇਕ ਆਦਮੀ ਨੂੰ ਲਾਹੌਰ ਤੋਂ ਬਾਹਰ ਕੱਢ ਕੇ ਲਿਜਾਣਾ ਹੈ।ਉਸਦੀ ਮੇਮ ਸਾਹਿਬ ਬਣ ਕੇ ਜਾਣਾ ਪਵੇਗਾ।ਖ਼ਤਰਾ ਹੈ, ਗੋਲ਼ੀ ਵੀ ਚੱਲ ਸਕਦੀ ਹੈ।''ਸੁਖਦੇਵ ਜੀ ਨੇ ਸਮਝਾਇਆ।

ਭੇਤ ਛੁਪਾਉਣ ਲਈ ਉਹ ਕਈ ਪ੍ਰਕਾਰ ਦੀਆਂ ਅਜਿਹੀਆਂ ਗੱਲਾਂ ਘਰ ਵਿਚ ਕਰਦੇ ਰਹਿੰਦੇ ਸਨ, ਜਿਵੇਂ ਘਰ ਵਿਚ ਕੋਈ ਪੰਡਤ ਜੀ ਸੰਸਕ੍ਰਿਤ ਪੜ੍ਹਾਉਣ ਆ ਰਹੇ ਹਨ।ਕਦੇ ਕੋਈ ਮੌਲਵੀ ਦੇ ਭੇਸ ਵਿਚ ਕੁਰਾਨ ਪੜ੍ਹਾਉਣ ਆ ਰਿਹਾ ਹੈ।ਇਹ ਸਭ ਕੁੱਝ ਜਿਵੇਂ ਕਿ ਆਮ ਸਾਧਾਰਣ ਜ਼ਿੰਦਗੀ ਵਿਚ ਕੀਤਾ ਜਾਂਦਾ ਹੈ,ਤਾਂ ਜੋ ਗੁਆਂਢੀ ਕਿਰਾਏਦਾਰਾਂ ਨੂੰ ਕਿਸੇ ਕਿਸਮ ਦਾ ਸ਼ੱਕ ਨਾ ਪਵੇ।ਇਨ੍ਹਾਂ ਕਿਰਾਏਦਾਰਾਂ ਵਿਚ ਇਕ ਸੀ.ਆਈ. ਡੀ. ਦਾ ਬੰਦਾ ਵੀ ਸੀ ਜੋ ਉਨ੍ਹਾਂ ਦੀਆਂ ਸਾਰੀਆਂ ਗਤੀਵਿਧੀਆਂ ਨੂੰ ਸਮਝਦਾ ਸੀ।ਉਹ ਇਹ ਵੀ ਕੋਸ਼ਿਸ਼ ਕਰਦਾ ਸੀ ਕਿ ਉਹ ਦੁਰਗਾ ਜੀ ਨੂੰ ਇਕੱਲੀ ਔਰਤ ਸਮਝਕੇ ਬਦਨਾਮ ਕਰੇ ਕਿ ਉਹਦੇ ਕੋਲ਼ ਔਰ ਗੈਰ ਬੰਦੇ ਆਉਂਦੇ ਹਨ।ਦੁਰਗਾ ਜੀ ਦੇ ਸਹੁਰਾ ਸਾਹਿਬ ਯਾਨੀ ਭਗਵਤੀ ਜੀ ਦੇ ਪਿਤਾ ਜੀ ਦਾ ਦਿਹਾਂਤ ਹੋ ਚੁੱਕਾ ਸੀ ਅਤੇ ਉਹ ਆਪਣੇ ਬੱਚੇ ਸ਼ੱਚੀ ਨਾਲ਼ ਇਕੱਲੇ ਹੀ ਰਹਿੰਦੇ ਸਨ।ਇਸ ਤਰ੍ਹਾਂ ਉਹ ਸੀ. ਆਈ. ਡੀ. ਵਾਲ਼ਾ ਹਰੇਕ ਆਉਣ ਜਾਣ ਵਾਲ਼ੇ ਦੀ ਵਿੜਕ ਰਖਦਾ ਸੀ।

ਉਸ ਦਿਨ ਘਰ ਵਿਚ ਸੰਸਕ੍ਰਿਤ ਪੜ੍ਹਾਉਣ ਵਾਲ਼ੇ ਪੰਡਤ ਜੀ ਆਏ ਹੋਏ ਸਨ।ਸੁਖਦੇਵ ਨੇ ਆਉਂਦੇ ਸਾਰ ਹੀ ਕਿਹਾ-''ਬੱਸ ਜੀ ਬੰਦ ਕਰੋ ਸੰਸਕ੍ਰਿਤ ਪੜ੍ਹਨੀ,ਫਟਾ ਫਟ।ਸੁਖਦੇਵ ਦਾ ਬੋਲਣ ਦਾ ਲਹਿਜਾ ਆਮ ਤੌਰ 'ਤੇ ਇਵੇਂ ਹੀ ਹੁੰਦਾ ਸੀ ਹੁਕਮੀਆ ਅੰਦਾਜ਼ ਵਾਲਾ।ਪੰਡਤ ਜੀ ਚਲੇ ਗਏ ਤਾਂ ਸੁਖਦੇਵ ਨੇ ਕਿਹਾ ਸਾਨੂੰ ਪੈਸੇ ਦੀ ਲੋੜ ਹੈ।ਦੁਰਗਾ ਜੀ ਉਹ ਪੰਜ ਸੌ ਰੁਪਿਆ ਜੋ ਭਗਵਤੀ ਜੀ ਫੜਾ ਕੇ ਗਏ ਸਨ,ਸੁਖਦੇਵ ਨੂੰ ਦੇ ਦਿੱਤਾ।ਸੁਖਦੇਵ ਜੀ ਇਕ ਦਮ ਪੈਸੇ ਲੈ ਕੇ ਮੁੜ ਗਏ।ਥੋੜੀ ਦੇਰ ਬਾਅਦ ਹੀ ਫਿਰ ਆ ਗਏ ਜਿਵੇਂ ਕੁਝ ਭੁੱਲ ਗਏ ਹੋਣ।ਭਾਬੀ ਨੂੰ ਕਹਿਣ ਲੱਗੇ-''ਅੱਜ ਛੁੱਟੀ ਲੈਣੀ ਪੈ ਸਕਦੀ ਹੈ।ਕਿਤੇ ਜਾਣਾ ਪੈਣਾ ਹੈ। ਤਿਆਰ ਰਹਿਣਾ।ਇਹ ਅਠਾਰਾਂ ਦਸੰਬਰ ਦੀ ਗੱਲ ਹੈ।ਸਕੂਲ ਵਿਚ ਇਕੀ ਦਸੰਬਰ ਨੂੰ ਤਾਂ ਵੈਸੇ ਹੀ ਛੁੱਟੀਆਂ ਹੋ ਜਾਣੀਆਂ ਸਨ ਕ੍ਰਿਸਮਿਸ ਦੀਆਂ।ਪਰ ਸੁਖਦੇਵ ਜੀ ਇਕ ਦਮ ਛੁੱਟੀ ਲੈਣ ਦੇ ਹੱਕ ਵਿਚ ਸਨ।ਦੁਰਗਾ ਜੀ ਨੇ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਛੁੱਟੀ ਲੈਣ ਵਾਸਤੇ ਹਾਂ ਕਰ ਦਿੱਤੀ।ਉਨ੍ਹਾਂ ਨੂੰ ਅਜੇ ਵੀ ਸਾਂਡਰਸ ਦੇ ਕਤਲ ਦਾ ਕੋਈ ਪਤਾ ਨਹੀਂ ਸੀ।

ਸੁਖਦੇਵ ਜੀ ਫਿਰ ਕਾਹਲ਼ੀ ਕਾਹਲ਼ੀ ਆਏ ਤੇ ਕਹਿਣ ਲੱਗੇ ਜਲਦੀ ਤਿਆਰ ਹੋ ਜਾਉ ਜਾਣਾ ਹੈ।ਕਿਥੇ ਕਦੋਂ ਇਸ ਬਾਰੇ ਤਾਂ ਪੁਛਣ ਦਾ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ।ਸੁਖਦੇਵ ਹੁਰਾਂ ਨੇ ਕਿਹਾ ਕਿ ਸ਼ੱਚੀ ਵੀ ਨਾਲ਼ ਹੀ ਜਾਵੇਗਾ।ਕਿਸੇ ਦੀ ਪਤਨੀ ਬਣ ਕੇ ਜਾਣਾ ਪੈਣਾ ਹੈ।ਖ਼ਤਰਾ ਹੈ,ਗੋਲ਼ੀ ਵੀ ਚੱਲ ਸਕਦੀ ਹੈ।ਹਰ ਤਰ੍ਹਾਂ ਨਾਲ਼ ਤਿਆਰ



ਰਹਿਣ ਦੀ ਲੋੜ ਹੈ।ਸ਼ੱਚੀ ਨੂੰ ਛੱਡ ਕੇ ਨਹੀਂ ਸੀ ਜਾਇਆ ਜਾ ਸਕਣਾ।ਸੋ ਦੁਰਗਾ ਜੀ ਹਰ ਜੋਖ਼ਮ ਲਈ ਤਿਆਰ ਹੋ ਗਏ।

ਜਿਸ ਦਿਨ ਸੁਖਦੇਵ ਜੀ ਨੇ ਪੈਸੇ ਲਏ ਸਨ,ਉਸੇ ਦਿਨ ਹੀ ਤਾਂ ਸਾਂਡਰਸ ਦਾ ਕਤਲ ਹੋ ਚੁੱਕਾ ਸੀ।ਹੁਣ ਕ੍ਰਾਂਤੀਕਾਰੀਆਂ ਨੂੰ ਲਾਹੌਰ ਤੋਂ ਬਾਹਰ ਲਿਜਾਣ ਦਾ ਮਸਲਾ ਸੀ।ਕਿਸ ਨੂੰ ਕਿਵੇਂ ਕੱਢਣਾ ਹੈ ਇਹ ਸਭ ਦੇ ਸੋਚਣ ਦੀ ਗੱਲ ਸੀ।ਚੰਦਰ ਸ਼ੇਖਰ, ਰਾਜਗੁਰੂ ਤੇ ਭਗਤ ਸਿੰਘ ਤਿੰਨਾਂ ਨੂੰ।ਤਿੰਨੇ ਹੀ ਮਹੱਤਵ ਪੂਰਨ ਹਸਤੀਆਂ ਸਨ।ਭਾਬੀ ਜੀ ਨੇ ਦੱਸਿਆ ਕਿ ਦੂਜੇ ਦਿਨ ਰਾਤ ਦੇ ਨੌ ਕੁ ਵਜੇ ਭਗਤ ਸਿੰਘ ਅਤੇ ਰਾਜਗੁਰੂ ਦੋਨੋ ਆਏ।ਉਸ ਵੇਲ਼ੇ ਪੁਲਿਸ ਵਾਲ਼ੇ ਘਰ ਦੇ ਦੁਆਲ਼ੇ ਹੇਲ਼ੀਆਂ ਦਿੰਦੇ ਫਿਰਦੇ ਸਨ।ਬਹੁਤ ਵੱਡੀ ਕਤਾਰ ਲੱਗੀ ਹੋਈ ਸੀ ਪੁਲਿਸ ਵਾਲ਼ਿਆਂ ਦੀ।ਉਨ੍ਹਾਂ ਦੇ ਘਰ ਕਿਉਂਕਿ ਪੰਦਰਾਂ ਵੀਹ ਜਣੇ ਤਾ ਹਰ ਰੋਜ਼ ਹੀ ਮਿਲ਼ਣ ਵਾਲ਼ੇ ਆਏ ਹੀ ਰਿਹਿੰਦੇ ਸਨ।ਤਾਂ ਵੀ ਪੁਲਿਸ ਵਾਲਿਆਂ ਨੂੰ ਚਕਮਾ ਦੇ ਕੇ ਜਾਣਾ ਸੀ ਤਾਂ ਮੁਸ਼ਕਿਲ।ਪਰ ਕਿਉਂਕਿ ਇਹ ਸਮੇਂ ਦੀ ਮੰਗ ਸੀ ਇਸ ਲਈ ਹਰ ਕੁਰਬਾਨੀ ਕਰਨ ਉਹ ਤਿਆਰ ਸਨ।ਭਗਤ ਸਿੰਘ ਸਿਰ 'ਤੇ ਹੈਟ ਪਹਿਨ ਕੇ ਅੰਗਰੇਜ਼ ਦੇ ਰੂਪ ਵਿਚ ਸਜਿਆ ਹੋਇਆ ਸੀ।ਰਾਜਗੁਰੂ ਪੁਰਾਣੀ ਜਿਹੀ ਦਰੀ ਵਿਚ ਪਾਟੇ ਪੁਰਾਣੇ ਕੱਪੜੇ ਵਲ੍ਹੇਟ ਕੇ ਉਨ੍ਹਾਂ ਦਾ ਨੌਕਰ ਬਣਿਆ ਹੋਇਆ ਸੀ।ਇਸ ਤਰ੍ਹਾਂ ਉਹ ਪੁਲਿਸ ਨੂੰ ਚਕਮਾ ਦੇਣ ਵਿਚ ਕਾਮਯਾਬ ਹੋਏ ਸਨ।ਦੁਰਗਾ ਭਾਬੀ ਨੇ ਭਗਤ ਸਿੰਘ ਨੂੰ ਪਹਿਲੀ ਵਾਰ ਕੇਸ ਦਾੜ੍ਹੀ ਤੋਂ ਬਗੈਰ ਦੇਖਿਆ ਤਾਂ ਉਹ ਬਿੱਲਕੁੱਲ ਵੀ ਸਿਆਣ ਨਾ ਸਕੇ।ਜਦੋਂ ਸੁਖਦੇਵ ਨੇ ਹੈਟ ਵਾਲ਼ੇ ਦੀ ਪਛਾਣ ਬਾਰੇ ਪੁਛਿਆ ਤਾਂ ਦੁਰਗਾ ਜੀ ਨੇ ਨਾਂਹ ਵਿਚ ਸਿਰ ਹਿਲਾ ਦਿੱਤਾ।ਜਦੋਂ ਰਾਜਗੁਰੂ ਨੇ ਹੱਸ ਕੇ ਕਿਹਾ ਕਿ ਇਹ ਉਹੀ ਜਾਟੂ ਹੈ ਤਾਂ ਕਿਤੇ ਜਾ ਕੇ ਉਨ੍ਹਾਂ ਨੂੰ ਉਸਦੀ ਪਛਾਣ ਆਈ।ਜਦੋਂ ਭਗਤ ਸਿੰਘ ਹੱਸਿਆ ਤਾਂ ਉਨ੍ਹਾਂ ਨੂੰ ਪੂਰਾ ਯਕੀਨ ਹੋਇਆ ਕਿ ਉਹ ਸੱਚ-ਮੁੱਚ ਹੀ ਭਗਤ ਸਿੰਘ ਸੀ।

ਭਗਤ ਸਿੰਘ ਪੂਰਾ ਅੰਗਰੇਜ਼ ਲਗਦਾ ਸੀ ਤੇ ਰਾਜਗੁਰੂ ਬਹੁਤ ਹੀ ਗਰੀਬ ਜਿਹਾ ਉਸ ਦਾ ਨੌਕਰ।ਪੁਰਾਣੀ ਦਰੀ ਵਿਚ ਸਾਮਾਨ ਬੰਨ੍ਹਿਆ ਹੋਇਆ ਤੇ ਫਟੇ ਪੁਰਾਣੇ ਜਿਹੇ ਕੱਪੜੇ ਪਾਏ ਹੋਏ।ਸੁਖਦੇਵ ਜੋ ਪੈਸੇ ਦੁਰਗਾ ਜੀ ਪਾਸੋਂ ਲੈ ਕੇ ਗਿਆ ਸੀ,ਉਨ੍ਹਾਂ ਦੀਆਂ ਲਾਹੌਰ ਤੋਂ ਕਲਕੱਤਾ ਤੱਕ ਦੀਆਂ ਟਿਕਟਾਂ ਖ਼ਰੀਦੀਆਂ ਗਈਆਂ ਸਨ।ਇਸ ਘਰ ਵਿਚ ਜਦੋਂ ਕਦੇ ਵੀ ਭਗਤ ਸਿੰਘ ਹੁਰੀਂ ਆਉਂਦੇ ਸਨ ਕੁੱਝ ਨਾ ਕੁੱਝ ਖਾਂਦੇ ਜ਼ਰੂਰ ਸਨ।ਕਦੇ ਡਰਾਈ ਫਰੂਟ ਕਦੇ ਕੋਈ ,ਮਿਠਾਈ ਆਦਿ।ਉਸ ਦਿਨ ਵੀ ਉਨ੍ਹਾਂ ਲਈ ਉਸ ਘਰ ਵਿਚ ਖਾਣਾ ਬਣਿਆ।ਭਗਤ ਸਿੰਘ ਹੁਰਾਂ ਲਈ ਖਾਣਾ ਮਹਿਮਾਨਾਂ ਦੀ ਤਰ੍ਹਾਂ ਪਰੋਸਿਆ ਗਿਆ ਜਦੋਂ ਕਿ ਰਾਜਗੁਰੂ ਨੂੰ ਰੋਟੀ ਇਸ ਤਰ੍ਹਾਂ ਫੜਾਈ ਗਈ ਜਿਵੇਂ ਕਿਸੇ ਮੰਗਤੇ ਮਾੜੇ ਨੂੰ।ਰਾਜਗੁਰੂ ਜੀ ਨੂੰ ਦੂਰ ਬੈਠੇ ਨੂੰ ਹੀ ਇਕ ਪਲੇਟ ਵਿਚ ਖਾਣਾ ਪਾ ਕੇ ਭੇਜ ਦਿੱਤਾ ਗਿਆ ।ਰਾਜਗੁਰੂ ਨੂੰ ਦੁਰਗਾ ਜੀ ਨੇ ਪਹਿਲਾਂ ਕਦੇ ਦੇਖਿਆ ਹੀ ਨਹੀਂ ਸੀ ਜਿਸ ਕਰਕੇ ਇਹ ਖ਼ਿਆਲ ਹੀ ਨਹੀਂ ਸੀ ਕੀਤਾ ਗਿਆ ਕਿ ਉਹ ਵੀ ਸਾਡਾ ਕ੍ਰਾਂਤੀਕਾਰੀ ਸਾਥੀ ਹੋ ਸਕਦਾ ਹੈ।ਉਹ ਤਾਂ ਉਸਨੂੰ ਸੱਚ-ਮੁੱਚ ਹੀ ਨੌਕਰ ਸਮਝ ਬੈਠੇ ਸਨ।ਜਦੋਂ ਉਨ੍ਹਾਂ ਨੂੰ ਅਸਲੀਅਤ ਦਾ ਪਤਾ ਲੱਗਿਆ ਤਾਂ ਅੰਦਰੋ ਅੰਦਰ ਇਸ ਗੱਲ ਦੀ ਦੁਰਗਾ ਜੀ ਨੂੰ ਬੇਹੱਦ ਔਖ ਹੋਈ ਪਰ ਇਹ ਤਾਂ ਇਕ ਤਰ੍ਹਾਂ ਦੀ ਮਜਬੂਰੀ ਸੀ

ਜਿਸ ਤੋਂ ਬਚਿਆ ਹੀ ਨਹੀਂ ਸੀ ਜਾ ਸਕਦਾ ਤਾਂ ਜੋ ਗੁਆਂਢੀਆਂ ਨੂੰ ਕਿਸੇ ਕਿਸਮ ਦਾ ਸ਼ੱਕ ਨਾ ਪਵੇ।ਇਕ ਹੋਰ ਕਾਰਨ ਵੀ ਸੀ ਕਿਉਂਕਿ ਇਸ ਘਰ ਵਿਚ ਹਮੇਸ਼ਾ ਹੀ ਖ਼ਾਸ ਕਿਸਮ ਦੇ ਕ੍ਰਾਂਤੀਕਾਰੀ ਆਉਂਦੇ ਸਨ

ਲਾਹੌਰ ਤੋਂ ਕਲਕੱਤਾ ਜਾਣ ਵਾਲ਼ੀ ਗੱਡੀ ਸੁਭਾ ਛੇ ਵਜੇ ਜਾਣੀ ਸੀ।ਇਸ ਕਰਕੇ ਉਹ ਰਾਤ ਦੇ ਹਨ੍ਹੇਰੇ ਵਿਚ ਟਾਂਗੇ 'ਤੇ ਸਵਾਰ ਹੋ ਕੇ ਨਿਕਲ ਪਏ।ਸ਼ੱਚੀ ਨੂੰ ਭਗਤ ਸਿੰਘ ਨੇ ਗੋਦ ਵਿਚ ਬਿਠਾਇਆ ਹੋਇਆ ਸੀ ਤੇ ਹੈਟ ਰਤਾ ਕੁ ਨੀਵਾਂ ਕਰਕੇ ਸਿਰ ਹੇਠ ਨੂੰ ਸੁਟਿਆ ਹੋਇਆ ਸੀ।ਦੁਰਗਾ ਜੀ ਅੰਗਰੇਜ਼ ਅਫ਼ਸਰ ਦੀ ਮੇਮ ਦੇ ਰੂਪ ਵਿਚ ਉਸ ਦੇ ਬਰਾਬਰ ਬੈਠੇ ਹੋਏ ਸਨ।ਹਰ ਇਕ ਗੱਲ ਨੂੰ ਇੰਨਾ ਗੁਪਤ ਰੱਖਿਆ ਗਿਆ ਸੀ ਕਿ ਦੁਰਗਾ ਜੀ ਨੂੰ ਇਹ ਵੀ ਨਹੀਂ ਸੀ ਪਤਾ ਕਿ ਉਨ੍ਹਾਂ ਨੇ ਕਲਕੱਤੇ ਜਾਣਾ ਹੈ ਜਾਂ ਕਿੱਥੇ ।ਪਹਿਲੇ ਦਰਜ਼ੇ ਦੇ ਟਿਕਟ ਖ਼ਰੀਦੇ ਗਏ ਸਨ।ਦੁਰਗਾ ਸ਼ੱਚੀ ਦੇ ਭਗਤ ਸਿੰਘ ਪਹਿਲੇ ਦਰਜ਼ੇ ਦੇ ਡੱਬੇ ਵਿਚ ਸਵਾਰ ਹੋਏ ਜਦੋਂ ਕਿ ਰਾਜਗੁਰੂ ਤੀਜੇ ਦਰਜੇ ਦੇ ਆਮ ਡੱਬੇ ਵਿਚ।ਉਸ ਵਕਤ ਚੰਦਰ ਸ਼ੇਖਰ ਆਜ਼ਾਦ ਸਾਧੂ ਦੇ ਭੇਸ ਵਿਚ ਉਸੇ ਗੱਡੀ ਵਿਚ ਸਵਾਰ ਸਨ।ਰਾਜਗੁਰੂ ਲਖਨਊ ਉਤਰ ਗਿਆ ਜਦੋਂ ਕਿ ਭਗਤ ਸਿੰਘ ਹੁਰੀਂ ਇੱਥੋਂ ਗੱਡੀ ਬਦਲ ਕੇ ਕਲਕੱਤੇ ਪਹੁੰਚੇ ਸਨ।ਬੁਢਾਪੇ ਦੇ ਕਾਰਨ ਬਹੁਤੀਆਂ ਗੱਲਾਂ ਦੁਰਗਾ ਜੀ ਨੂੰ ਯਾਦ ਵੀ ਨਹੀਂ ਨਹੀਂ ਸਨ ਰਹੀਆਂ ਜਿਸ ਕਰਕੇ ਬਹੁਤੀਆਂ ਗੱਲਾਂ ਬਾਰੇ ਉਹ ਬਹੁਤਾ ਨਹੀਂ ਦੱਸ ਸਕੇ।ਉਨ੍ਹਾਂ ਨੇ ਦੱਸਿਆ ਕਿ ਲਖਨਊ ਉਨ੍ਹਾਂ ਨੂੰ ਬਹੁਤ ਚਿਰ ਰੁਕਣਾ ਪਿਆ ਕਿਉਂਕਿ ਅਗਲੀ ਗੱਡੀ ਕਈ ਘੰਟਿਆਂ ਬਾਅਦ ਜਾਣੀ ਸੀ।ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਕਿ ਕੀ ਕ੍ਰਾਂਤੀਕਾਰੀਆਂ ਦਾ ਇਹੋ ਪ੍ਰੋਗਰਾਮ ਸੀ ਕਿ ਸਿੱਧਾ ਟਿਕਟ ਨਾ ਲਿਆ ਜਾਵੇ।ਜ਼ਿਆਦਾਤਰ ਸਫ਼ਰ ਰਾਤ ਨੂੰ ਹੀ ਕੀਤਾ ਜਾਂਦਾ ਸੀ।ਦੁਰਗਾ ਜੀ ਨੇ ਰਸਤੇਂ ਵਿਚੋਂ ਹੀ ਆਪਣੇ ਪਤੀ ਨੂੰ ਤਾਰ ਕਰ ਦਿੱਤੀ ਸੀ ਕਿ ਉਹ ਭਾਈ ਦੇ ਨਾਲ਼ ਕਲਕੱਤੇ ਆ ਰਹੀ ਹੈ।ਤਾਰ 'ਤੇ ਦੁਰਗਾਵਤੀ ਲਿਖਿਆ ਹੋਇਆ ਸੀ ਜਿਸ ਨੂੰ ਵੇਖ ਕੇ ਭਗਵਤੀ ਜੀ ਇਹ ਅੰਦਾਜ਼ਾ ਹੀ ਨਾ ਲਗਾ ਸਕੇ ਕਿ ਇਹ ਦੁਰਗਾਵਤੀ ਕੌਣ ਹੋ ਸਕਦੀ ਸੀ।ਉਹ ਜਦੋਂ ਸੁਸ਼ੀਲਾ ਦੀਦੀ ਨੂੰ ਨਾਲ਼ ਲੈ ਕੇ ਸਟੇਸ਼ਨ 'ਤੇ ਪਹੁੰਚੇ ਤਾਂ ਦੇਖ ਕੇ ਹੈਰਾਨ ਹੀ ਰਹਿ ਗਏ।ਭਗਵਤੀ ਜੀ ਪਤਨੀ ਦਾ ਮੋਢਾ ਥਪਥਪਾਉਂਦਿਆਂ ਬੋਲੇ-''ਤੈਨੂੰ ਅੱਜ ਸਮਝਿਆ ਦੁਰਗਾ।''ਅਸੀਂ ਭਾਵੇਂ ਕਿੱਡੇ ਵੀ ਮਹਾਨ ਕੰਮਾਂ ਵਿਚ ਪਏ ਹੋਈਏ,ਆਮ ਤੌਰ 'ਤੇ ਔਰਤਾਂ ਬਾਰੇ ਇਹੋ ਧਾਰਨ ਬਣਾਈ ਰਖਦੇ ਹਾਂ ਕਿ ਔਰਤਾਂ ਮਰਦਾਂ ਦੇ ਬਰਾਬਰ ਨਹੀਂ ਆ ਸਕਦੀਆਂ।ਅਸੀਂ ਆਮ ਤੌਰ 'ਤੇ ਹੀ ਅੰਦਾਜ਼ਾ ਲਾਉਣ ਵਿਚ ਪਛੜ ਜਾਂਦੇ ਹਾਂ।ਸ਼ਾਇਦ ਭਗਵਤੀ ਜੀ ਨੇ ਵੀ ਇਹੋ ਅਹਿਸਾਸ ਕਰਕੇ ਹੀ ਇਹ ਸ਼ਬਦ ਆਖੇ।

ਕਲਕੱਤੇ ਉਹ ਇਕ ਹਫ਼ਤਾ ਠਹਿਰੇ ਸਨ।ਕਲਕੱਤੇ ਕਾਂਗਰਸ ਪਾਰਟੀ ਦੀ ਕਾਨਫਰੰਸ ਸ਼ੁਰੂ ਹੋ ਚੁੱਕੀ ਸੀ।ਇਹ ਲੋਕ ਉਸ ਦਾ ਫ਼ਾਇਦਾ ਉਠਾਉਣਾ ਚਾਹੁੰਦੇ ਸਨ ਅਤੇ ਕਾਂਗਰਸ ਦੇ ਲੋਕਾਂ ਨਾਲ਼ ਸੰਬੰਧ ਸਥਾਪਤ ਕਰਨਾ ਚਾਹੁੰਦੇ ਸਨ।ਦਿਨ ਵੇਲ਼ੇ ਭਗਤ ਸਿੰਘ ਸਾਰਾ ਦਿਨ ਮੰਜਾ ਮੱਲੀ ਰਖਦਾ ਜਿਵੇਂ ਸਖ਼ਤ ਬਿਮਾਰ ਹੋਵੇ।ਦੁਆਈ ਅਤੇ ਕੋਈ ਮਿਕਸਚਰ ਉਸ ਦੇ ਸਿਰਾਣੇ ਪਈ ਹੁੰਦੀ।ਪਰ ਜਦੋਂ ਉਨ੍ਹਾਂ ਸਾਰਿਆਂ ਦਾ ਖਾਣਾ ਆਉਂਦਾ ਤਾਂ ਭਗਤ ਸਿੰਘ ਇਕੱਲਾ ਹੀ ਸਾਰਿਆਂ ਦਾ ਖਾਣਾ ਖਾ ਜਾਂਦਾ।ਇਕ ਹੋਰ ਸਾਥੀ ਜਸਵੰਤ



ਸਿੰਘ ਸੀ ਜੋ ਆਪਣੇ ਨਾਲ਼ ਸ਼ੱਕਰ ਘਿਉ ਰਖਦਾ ਹੁੰਦਾ ਸੀ।ਭਗਤ ਸਿੰਘ ਮਾਰਵਾੜੀ ਖਾਣੇ ਦੇ ਨਾਲ ਉਹ ਵੀ ਖ਼ੂਬ ਖਾਂਦਾ ਬਿਮਾਰ ਹੋਣਾ ਤਾਂ ਇਕ ਨਾਟਕ ਹੀ ਸੀ।ਦੁਰਗਾ ਭਾਬੀ ਜੀ ਦੇ ਦੱਸਣ ਅਨੁਸਾਰ ਭਗਤ ਸਿੰਘ ਬਹੁਤ ਹੀ ਰੰਗਲੇ ਸੁਭਾਅ ਦਾ ਮਾਲਕ ਸੀ।ਉਸ ਦੇ ਹਰ ਅਮਲ 'ਚੋਂ ਅਪਣੱਤ ਝਲਕਦੀ ਹੁੰਦੀ ਸੀ।ਦਿਨ ਨੂੰ ਭਗਤ ਸਿੰਘ ਬਿਮਾਰ ਰਹਿੰਦਾ ਤੇ ਰਾਤ ਨੂੰ ਆਸੇ ਪਾਸੇ ਚੱਕਰ ਲਾਉਂਦਾ ਰਹਿੰਦਾ ਤਾਂ ਜੋ ਵੱਧ ਤੋਂ ਲੋਕਾਂ ਨੂੰ ਮਿਲਿਆ ਜਾ ਸਕੇ।ਇਸ ਤੋਂ ਬਾਅਦ ਦੁਰਗਾ ਜੀ ਵਾਪਸ ਲਾਹੌਰ ਆ ਗਏ ਜਦੋਂ ਕਿ ਭਗਵਤੀ ਚਰਨ ਕਿਧਰੇ ਹੋਰ ਚਲੇ ਗਏ,ਸ਼ਾਇਦ ਆਗਰੇ ਜਾਂ ਦਿੱਲੀ, ਪਤਾ ਨਹੀਂ।ਕਿਸੇ ਦੇ ਬਾਰੇ ਕੁੱਝ ਵੀ ਤਾਂ ਦੱਸਿਆ ਨਹੀਂ ਸੀ ਜਾਂਦਾ।ਪਾਰਟੀ ਦੇ ਭੇਤ ਗੁਪਤ ਰੱਖਣ ਲਈ ਇਹ ਜ਼ਰੂਰੀ ਸੀ।

ਭਾਵੇਂ ਕੁੱਝ ਵੀ ਸੀ ਦੁਰਗਾ ਭਾਬੀ ਪਾਰਟੀ ਦੇ ਕੰਮਾਂ ਵਿਚ ਪੂਰੀ ਦਿਲਚਸਪੀ ਲੈਂਦੇ ਸਨ।ਕੌਮਿਊਨਿਸਟ ਵਿਚਾਰਧਾਰਾ ਬਾਰੇ ਵੀ ਪੂਰੀ ਤਰ੍ਹਾਂ ਚੇਤੰਨ ਸਨ।ਜਦ ਕੌਮਿਊਨਿਸਟ ਲਹਿਰ ਬਾਰੇ ਸੁਆਲ ਕੀਤਾ ਗਿਆ ਤਾਂ ਉਨ੍ਹਾਂ ਸਪਸ਼ਟ ਕੀਤਾ ਕਿ ਉਸ ਸਮੇਂ ਤੱਕ ਅਜੇ ਇਹ ਵਿਚਾਰਧਾਰਾ ਭਾਰਤ ਵਿਚ ਇੰਨੀ ਹਰਮਨ ਪਿਆਰੀ ਨਹੀਂ ਸੀ ਹੋਈ।ਕਿਉਂਕਿ ਉਦੋਂ ਕੌਮਿਊਨਿਸਟ ਸਾਹਿਤ ਹੀ ਭਾਰਤ ਵਿਚ ਉਪਲਭਦ ਨਹੀਂ ਸੀ।ਰੂਸ ਦੀ ਕ੍ਰਾਂਤੀ ਤੋਂ ਪ੍ਰਭਾਵਤ ਹੋਣ ਕਰਕੇ ਉਨ੍ਹਾਂ ਉਪਰ ਇਸ ਵਿਚਾਰਧਾਰਾ ਦਾ ਪ੍ਰਭਾਵ ਜ਼ਰੂਰ ਸੀ।ਪਰ ਜਿਵੇਂ ਮੇਰਠ ਕਮਿਊਨਿਸਟ ਕਾਟਸੀਪੀਰੇਸੀ ਹੋਈ ਸੀ,ਉਸ ਤਰ੍ਹਾਂ ਦੀ ਕੋਈ ਗੱਲ ਨਹੀਂ ਸੀ।ਅੰਗਰੇਜ਼ ਅਧਿਕਾਰੀ ਡੀ. ਪੈਟਰੀ ਅਤੇ ਆਰ.ਏ. ਹਾਰਟਨ ਵੱਲੋਂ ਤਿਆਰ ਕੀਤੀ ਇਕ ਸਾਜ਼ਿਸ਼ ਅਧੀਨ 29 ਜਨਤਕ ਆਗੂਆਂ ਨੂੰ ਇਸ ਸਾਜ਼ਿਸ਼ ਅਧੀਨ ਗ੍ਰਿਫ਼ਤਾਰ ਕਰ ਲਿਆ ਗਿਆ ਸੀ।ਬਾਅਦ ਵਿਚ ਇਸ ਕੇਸ ਵਿਚ ਤਿੰਨ ਅੰਗਰੇਜ਼ ਵੀ ਸ਼ਾਮਿਲ ਕੀਤੇ ਗਏ ਸਨ।ਇਹ ਮੁਕੱਦਮਾ ਮੇਰਠ ਸਾਜ਼ਿਸ਼ ਕੇਸ ਦੇ ਨਾਂ ਨਾਲ਼ ਪ੍ਰਸਿੱਧ ਹੈ।

ਦੁਰਗਾ ਭਾਬੀ ਦੇ ਦੱਸਣ ਅਨੁਸਾਰ ਭਗਤ ਸਿੰਘ ਬਹੁਤ ਹੀ ਵਧੀਆ ਬੁਲਾਰਾ ਸੀ ਕਿ ਸਰੋਤਿਆਂ ਨੂੰ ਝੂਮਣ ਲਾ ਦਿੰਦਾ ਸੀ।ਕੁੱਝ ਇਹੋ ਜਿਹੇ ਕਾਰਨ ਹੀ ਸਨ ਜਿਨ੍ਹਾਂ ਕਰਕੇ ਉਸਨੂੰ ਵੱਡੀਆਂ ਜ਼ਿੰਮੇਵਾਰੀਆਂ ਦਿੱਤੀਆਂ ਜਾਂਦੀਆਂ ਸਨ ਜਿਵੇਂ ਕਿ ਅਸੰਬਲੀ ਵਿਚ ਬੰਬ ਸੁੱਟਣ ਦਾ ਕੰਮ।ਭਾਬੀ ਦੇ ਸ਼ਬਦਾਂ ਵਿਚ ਕਿਸੇ ਵਿਅਕਤੀ ਵਿਚ ਕੋਈ ਗੁਣ ਹੁੰਦਾ ਹੈ ਕਿਸੇ ਵਿਚ ਕੋਈ ਪਰ ਭਗਤ ਸਿੰਘ ਵਿਚ ਯਾਨੀ ਸਾਰੀਆਂ ਹੀ ਖ਼ੂਬੀਆਂ ਅਤੇ ਯੋਗਤਾਵਾਂ ਸਨ।ਇਸੇ ਕਰਕੇ ਹੀ ਤਾਂ ਪਾਰਟੀ ਨੇ ਉਸਨੂੰ ਅਸੰਬਲੀ ਵਿਚ ਬੰਬ ਸੁੱਟਣ ਦੀ ਡਿਊਟੀ ਦਿੱਤੀ ਸੀ।ਉਹ ਭਗਤ ਸਿੰਘ ਹੀ ਹੋ ਸਕਦਾ ਸੀ ਜੋ ਬੰਬ ਸੁੱਟਣ ਤੋਂ ਬਾਅਦ ਇਸ ਐਕਸ਼ਨ ਦੀ ਬਾਜਵੀਅਤ ਦੀ ਵਿਆਖਿਆ ਕਰ ਸਕਦਾ।ਬੰਬ ਸੁਟਣ ਦਾ ਐਕਸ਼ਨ ਕੋਈ ਨਿਰੀਪੁਰੀ ਦਹਿਸ਼ਤ ਪੈਦਾ ਕਰਨ ਦੀ ਹੀ ਕਾਰਵਾਈ ਨਹੀਂ ਸੀ ਸਗੋਂ ਇਹ ਪ੍ਰਚਾਰ ਦੇ ਇਕ ਬਹੁਤ ਹੀ ਅਹਿਮ ਸਾਧਨ ਵਜੋਂ ਵਰਤਿਆ ਜਾਣਾ ਸੀ।ਪਾਰਟੀ ਵਿਚ ਭਗਤ ਸਿੰਘ ਹੀ ਇਸ ਦੇ ਸਮਰੱਥ ਸੀ ਕਿ ਉਹ ਆਪਣੇ ਮਿਸ਼ਨ ਦੀ ਅਦਾਲਤ ਵਿਚ ਕੇਸ ਚੱਲਣ ਮੌਕੇ ਵਿਆਖਿਆ ਕਰ ਸਕਦਾ ਸੀ।ਅਦਾਲਤ ਨੂੰ ਸਟੇਜ ਦੇ ਤੌਰ 'ਤੇ ਵਰਤਣ ਨਾਲ਼ ਲੋਕਾਂ ਵਿਚ ਜਾਗਰਤੀ ਪੈਦਾ ਹੋਣੀ ਸੀ ਇਸ ਕਰਕੇ।ਇਹ ਸਭ ਕੁੱਝ ਇਉਂ ਨਹੀਂ ਸੀ ਜਿਵੇਂ ਕਿ ਗਾਂਧੀ ਨੇ ਉਨ੍ਹਾਂ ਨੂੰ ਪੇਸ਼ ਕੀਤਾ ਹੋਇਆ ਸੀ।ਪਾਰਟੀ ਬਾਕਾਇਦਾ

ਕ੍ਰਾਂਤੀਕਾਰੀ ਪ੍ਰੋਗਰਾਮ ਨੂੰ ਸਰਅੰਜ਼ਾਮ ਦੇ ਰਹੀ ਸੀ ਤੇ ਇਸ ਦਾ ਹਰ ਐਕਸ਼ਨ ਸੋਚ
ਸਮਝ ਕੇ ਕੀਤਾ ਜਾਂਦਾ ਸੀ।

ਦੁਰਗਾ ਜੀ ਦੀਆਂ ਇਨ੍ਹਾਂ ਗੱਲਾਂ ਤੋਂ ਵੀ ਭਗਤ ਸਿੰਘ ਦੀ ਸ਼ਖ਼ਸੀਅਤ ਦੇ ਹੋਰ
ਕਈ ਪੱਖ ਸਾਹਮਣੇ ਆਉਂਦੇ ਹਨ।ਓਹ ਬਹੁਤ ਹੀ ਹਸਮੁੱਖ ਅਤੇ ਮਖੌਲੀਏ ਸੁਭਾਅ ਦਾ
ਮਾਲਕ ਸੀ।ਦੁਰਗਾ ਜੀ ਦਾ ਪਰਿਵਾਰ ਜਿਸ ਮਕਾਨ ਵਿਚ ਰਹਿੰਦਾ ਸੀ ਉਸ ਦੇ ਤਿੰਨ
ਭਾਗ ਸਨ।ਇਨ੍ਹਾਂ ਵਿਚੋਂ ਦੋ ਕਿਰਾਏ 'ਤੇ ਦਿੱਤੇ ਹੋਏ ਸਨ ਤੇ ਉਪਰਲੇ ਭਾਗ ਵਿਚ ਉਹ
ਆਪ ਰਹਿੰਦੇ ਸਨ।ਇਕ ਬੈਠਕ ਹੇਠਾਂ ਸੀ ਜੋ ਆਉਣ ਜਾਣ ਵਾਲ਼ਿਆਂ ਲਈ ਰਾਖਵੀਂ
ਸੀ।ਰਸੋਈ ਅਤੇ ਸੌਣ ਪੈਣ ਵਾਲ਼ੇ ਕਮਰੇ ਉਪਰ ਸਨ।ਇਕ ਦਿਨ ਭਗਤ ਸਿੰਘ
ਆਇਆ।ਉਸ ਨੇ ਹੇਠਾਂ ਤੋਂ ਹੀ ਭਗਵਤੀ ਜੀ ਕਹਿ ਕੇ ਬੋਲ ਮਾਰਿਆ ਤਾਂ ਦੁਰਗਾ ਜੀ
ਰਸੋਈ ਵਿਚ ਹੀ ਕਹਿ ਦਿੱਤਾ ਕਿ ਉਹ ਤਾਂ ਘਰ ਨਹੀਂ ਕਿਧਰੇ ਬਾਹਰ ਗਏ ਹੋਏ
ਹਨ।ਬੈਠਕ ਵਿਚ ਹਮੇਸ਼ਾ ਹੀ ਇਕ ਫੱਟਾ ਡੱਠਾ ਰਹਿੰਦਾ ਸੀ।ਇਥੇ ਆਮ ਤੌਰ 'ਤੇ ਨੌਕਰ
ਹੀ ਬੈਠਦੇ ਹੁੰਦੇ ਸਨ।ਭਗਤ ਸਿੰਘ ਉਥੇ ਹੀ ਬੈਠ ਗਿਆ।ਉਹ ਆਪਣੇ ਨਾਲ਼ ਸੰਗਤਰੇ
ਲਿਆਇਆ ਸੀ ਤੇ ਬੜੇ ਅਨੰਦ ਨਾਲ਼ ਉਥੇ ਬੈਠ ਕੇ ਸੰਗਤਰੇ ਖਾਣ ਲੱਗ ਪਿਆ।ਉਹ
ਸੰਗਤਰੇ ਖਾ ਕੇ ਚਲਾ ਗਿਆ।ਸੰਗਤਰਿਆਂ ਦੇ ਛਿੱਲੜ ਬੈਠਕ ਵਿਚ ਇਧਰ ਉਧਰ
ਖਿਲਾਰ ਦਿੱਤੇ।ਦੁਰਗਾ ਜੀ ਨੂੰ ਤਾਂ ਪਤਾ ਹੀ ਨਹੀਂ ਸੀ ਕਿ ਕੌਣ ਆਇਆ ਸੀ।

ਇਕ ਦਿਨ ਫੇਰ ਉਹ ਸਾਡੇ ਘਰ ਆਇਆ ਤਾਂ ਭਗਵਤੀ ਜੀ ਘਰ ਹੀ
ਸਨ।ਦੁਰਗਾ ਜੀ ਨੇ ਉਸਨੂੰ ਰੋਟੀ ਬਣਾ ਕੇ ਖਵਾਈ।ਤਾਂ ਭਗਤ ਸਿੰਘ ਮਜ਼ਾਕ ਕਰਨ
ਲੱਗਿਆ ਕਿ ਜੇ ਭਗਵਤੀ ਜੀ ਘਰ ਨਾ ਹੋਣ ਭਾਬੀ ਕਿਸੇ ਨੂੰ ਘਰ ਨਹੀਂ ਆਉਣ
ਦਿੰਦੇ।ਹਾਸਾ ਮਜ਼ਾਕ ਚਲਦਾ ਰਿਹਾ ਤਾਂ ਭਗਤ ਸਿੰਘ ਨੇ ਸਪਸ਼ਟ ਕੀਤਾ ਕਿ ਜਦੋਂ
ਉਹ ਆਇਆ ਸੀ ਤਾਂ ਬੈਠਕ ਵਿਚ ਸੰਗਤਰੇ ਖਾ ਕੇ ਚਲਾ ਗਿਆ ਸੀ।ਹੁਣ ਦੁਰਗਾ
ਜੀ ਨੂੰ ਪਤਾ ਲੱਗਿਆ ਕਿ ਬੈਠਕ ਵਿਚ ਪਾਇਆ ਖਿਲਾਰਾ ਭਗਤ ਸਿੰਘ ਨੇ ਹੀ
ਪਾਇਆ ਸੀ ਜੋ ਉਸਦੇ ਸ਼ਰਾਰਤੀ ਸੁਭਾਅ ਦਾ ਸੂਚਕ ਸੀ।ਭਗਤ ਸਿੰਘ ਨੇ ਫਿਰ
ਮਖ਼ੌਲ ਵਿਚ ਕਿਹਾ ਕਿ ਜੇ ਭਗਵਤੀ ਜੀ ਘਰ ਨਾ ਹੋਣ ਤਾਂ ਭਾਬੀ ਜੀ ਤਾਂ ਕਿਸੇ
ਨੂੰ ਬੈਠਣ ਲਈ ਵੀ ਨਹੀਂ ਕਹਿੰਦੇ।ਇਸ ਦਾ ਮਤਲਬ ਇਹ ਹੋਇਆ ਕਿ ਅੱਗੋਂ ਲਈ
ਅਸੀਂ ਪਹਿਲਾਂ ਇਹ ਪਤਾ ਕਰਿਆ ਕਰੀਏ ਕਿ ਭਾਈ ਸਾਹਿਬ ਘਰ ਹਨ ਵੀ ਜਾਂ
ਨਹੀਂ।ਬਹੁਤ ਟਿੱਚਰੀ ਸੀ ਭਗਤ ਸਿੰਘ।

ਦੁਰਗਾ ਜੀ ਬਹੁਤ ਹੀ ਦ੍ਰਿੜ੍ਹ ਇਰਾਦੇ ਅਤੇ ਦਿਲ ਗੁਰਦੇ ਦੀ ਮਾਲਕ
ਸਨ।ਉਨ੍ਹਾਂ ਦੇ ਜੁਝਾਰ ਵੀਰਾਂਗਣਾ ਹੋਣ ਦਾ ਹੀ ਸਬੂਤ ਹੈ ਕਿ ਜਦੋਂ ਉਨ੍ਹਾਂ ਦੇ ਘਰ
ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਰਧਾਂਜਲੀ ਸਮਾਗਮ ਕੀਤਾ ਜਾ ਰਿਹਾ ਸੀ ਤਾਂ
ਭਗਵਤੀ ਜੀ ਨੇ ਇਕ ਚਿੱਟਾ ਕੱਪੜਾ ਦੇ ਕੇ ਕਿਹਾ ਕਿ ਇਸ ਨੂੰ ਲਾਲ ਰੰਗ ਦੇ ਕੇ
ਲਿਆਂਦਾ ਜਾਵੇ।ਘਰ ਵਿਚ ਤੁਰਤ ਰੰਗ ਦਾ ਪ੍ਰਬੰਧ ਨਹੀਂ ਸੀ ਹੋ ਸਕਦਾ।ਉਨ੍ਹਾਂ ਤੁਰੰਤ
ਹੀ ਆਪਣੀ ਉਂਗਲ਼ ਵਿਚੋਂ ਖ਼ੂਨ ਕੱਢ ਕੇ ਕੱਪੜਾ ਰੰਗ ਲਿਆਂਦਾ ਅਤੇ ਸ਼ਹੀਦ ਦੇ ਅਧੂਰੇ
ਸੁਪਨਿਆਂ ਨੂੰ ਪੂਰੇ ਕਰਨ ਦਾ ਸੰਕਲਪ ਲਿਆ ਗਿਆ।ਬਹੁਤ ਸਾਰੇ ਗੁਪਤ ਕੰਮ ਕਰਨ
ਵਿਚ ਦੁਰਗਾ ਜੀ ਬਹੁਤ ਹੀ ਸੂਝ ਸਿਆਣਪ ਦਾ ਸਬੂਤ ਦਿੰਦੇ ਸਨ।ਇਸੇ ਤਰ੍ਹਾਂ ਇਕ



ਵਾਰ ਜੈਪੁਰ (ਰਾਜਸਥਾਨ) ਤੋ ਇਕ ਸਾਥੀ ਡਾ. ਮੁਕਤੀ ਨਾਰਾਇਣ ਜੀ ਪਾਸੋਂ ਹਥਿਆਰ ਲੈ ਕੇ ਆਉਣੇ ਸਨ।ਉਥੇ ਵੀ ਉਨ੍ਹਾਂ ਨੂੰ ਹੀ ਭੇਜਿਆ ਗਿਆ।ਰਸਤੇ ਵਿਚ ਪੁਲਿਸ ਦਾ ਇਕ ਤਰ੍ਹਾਂ ਪੂਰਾ ਦਬਦਬਾ ਸੀ।ਹਰ ਪਾਸੇ ਸਖ਼ਤ ਪਹਿਰੇ ਹੇਠ ਤਲਾਸ਼ੀਆਂ ਦਾ ਬੋਲਬਾਲਾ ਸੀ ਪਰ ਉਹ ਕਿਸੇ ਕਿਸਮ ਦੇ ਖ਼ਤਰੇ ਦੀ ਪਰਵਾਹ ਨਾ ਕਰਦਿਆਂ ਸੂਹੀਆਂ ਅਤੇ ਪੁਲਸੀਆਂ ਨੂੰ ਝਕਾਨੀ ਦੇ ਕੇ ਸਹੀ ਸਲਾਮਤ ਆਪਣੇ ਮਿਸ਼ਨ ਵਿਚ ਕਾਮਯਾਬ ਹੋਏ ਸਨ।

ਜਦ ਜਤਿੰਦਰ ਨਾਥ ਦਾਸ ਦੀ ਜੇਲ੍ਹ ਵਿਚ ਲੰਮੀ ਭੁੱਖ ਹੜਤਾਲ਼ ਤੋਂ ਬਾਅਦ ਸ਼ਹਾਦਤ ਹੋ ਗਈ ਤਾਂ ਉਨ੍ਹਾਂ ਦੀ ਮ੍ਰਿਤਕ ਦਿਹ ਦਾ ਨਾਲ਼ ਦੁਰਗਾ ਜੀ ਹੀ ਧੜੱਲੇ ਨਾਲ਼ ਸ਼ਾਮਿਲ ਹੋਏ ਸਨ ਜਿਨ੍ਹਾਂ ਦੇ ਨਾਲ਼ ਡਾ. ਬਨਾਰਸੀ ਦਾਸ, ਸੁਭਾਸ਼ ਚੰਦਰ ਬੋਸ, ਮੋਹਨ ਲਾਲ ਗੌਤਮ, ਅਹਿਸਨ ਇਲਾਹੀ ਆਦਿ ਆਗੂ ਸ਼ਾਮਿਲ ਸਨ।ਲਾਹੌਰ ਤੋਂ ਦਿੱਲੀ ਤੱਕ ਦੁਰਗਾ ਜੀ ਸ਼ਹੀਦ ਦੀ ਦਿਹ ਦੇ ਨਾਲ਼ ਹੀ ਰਹੇ।ਜਦ ਸ਼ਹੀਦ ਦੀ ਲਾਸ਼ ਦਿੱਲੀ ਰੇਲਵੇ ਸਟੇਸ਼ਨ 'ਤੇ ਅੱਪੜੀ ਤਾਂ ਜਲੂਸ ਵਿਚ ਲੱਖਾਂ ਹੀ ਲੋਕ ਸ਼ਾਮਿਲ ਸਨ।ਉਥੇ ਕਿਸੇ ਨੇ ਉਨ੍ਹਾਂ ਨੂੰ ਇਕ ਪੋਟਲੀ ਫੜਾਈ ਜਿਸ ਵਿਚ ਉਹੀ ਲਾਲ ਕੱਪੜਾ ਸੀ ਜਿਸ ਨੂੰ ਕਿਸੇ ਸਮੇਂ ਉਨ੍ਹਾਂ ਨੇ ਆਪਣੇ ਖ਼ੂਨ ਨਾਲ਼ ਰੰਗਿਆ ਸੀ।ਇਸ ਦੇ ਨਾਲ਼ ਹੀ ਕੁੱਝ ਫੁੱਲ ਸਨ ਜੋ ਜੇਲ੍ਹ ਵਿਚੋਂ ਉਸਦੇ ਸਾਥੀਆਂ ਨੇ ਸ਼ਰਧਾਂਜਲੀ ਵਜੋਂ ਭੇਜੇ ਗਏ ਸਨ।ਉਸ ਵੇਲ਼ੇ ਪੁਲਿਸ ਦੀਆਂ ਬਹੁਤ ਸਾਰੀਆਂ ਗੱਡੀਆਂ ਜਲੂਸ ਦੇ ਨਾਲ਼ ਨਾਲ਼ ਚੱਲ ਰਹੀਆਂ ਸਨ।ਇਕ ਗੱਡੀ ਉਪਰ ਅੰਗਰੇਜ਼ ਸਾਮਰਾਜ ਦਾ ਝੰਡਾ ਝੂਲ ਰਿਹਾ ਸੀ।ਜਿਉਂ ਹੀ ਦੁਰਗਾ ਜੀ ਦੀ ਨਜ਼ਰ ਉਸ ਝੰਡੇ ਉਪਰ ਪਈ, ਉਨ੍ਹਾਂ ਨੇ ਫੁਰਤੀ ਨਾਲ਼ ਝੰਡਾ ਲੀਰ ਲੀਰ ਕਰ ਦਿੱਤਾ।ਬੱਸ ਫਿਰ ਝੱਟ ਹੀ ਸਾਰੀਆਂ ਪੁਲਸੀ ਗੱਡੀਆਂ ਤੋਂ ਝੰਡੇ ਉਤਾਰ ਦਿੱਤੇ ਗਏ।

ਭਗਵਤੀ ਚਰਨ ਵੋਹਰਾ ਜੀ ਨੂੰ ਇਨਕਲਾਬੀ ਲਹਿਰ ਵਿਚ ਲਿਆਉਣ ਵਾਲ਼ੇ ਝਾਂਸੀ ਦੇ ਰਹਿਣ ਵਾਲ਼ੇ ਚੰਦਰ ਸ਼ੇਖਰ ਆਜ਼ਾਦ ਸਨ।ਉਨ੍ਹਾਂ ਬਾਰੇ ਦੁਰਗਾ ਜੀ ਦੇ ਮਨ ਵਿਚ ਬਹੁਤ ਹੀ ਸਤਿਕਾਰ ਭਾਵਨਾ ਸੀ।ਬਹੁਤ ਹੀ ਉਚੇ ਸੁਚੇ ਵਿਚਾਰ ਸਨ ਉਸ ਕ੍ਰਾਂਤੀਕਾਰੀ ਦੇ ਬਾਰੇ।ਜਦੋਂ ਸੀ.ਆਈ.ਡੀ. ਦਾ ਬੰਦਾ ਹੋਣ ਵਾਲ਼ੀ ਗੱਲ ਸਾਫ਼ ਹੋ ਗਈ ਤਾਂ ਪਾਰਟੀ ਵਿਚ ਭਗਵਤੀ ਜੀ ਦੀ ਹੋਰ ਵੀ ਅਹਿਮ ਥਾਂ ਬਣ ਗਈ ਜਿਸ ਦਾ ਦੁਰਗਾ ਜੀ ਨੂੰ ਮਾਣ ਸੀ।ਕਿਹੜੀ ਔਰਤ ਚਾਹੇਗੀ ਕਿ ਉਸ ਦਾ ਘਰ ਇਸ ਤਰ੍ਹਾਂ ਤਬਾਹ ਹੋਵੇ ? ਪਰ ਦੁਰਗਾ ਭਾਬੀ ਜੀ ਦੇ ਸਿਦਕ ਮੂਹਰੇ ਸਿਰ ਝੁਕ ਜਾਂਦਾ ਹੈ ਜਿਸ ਨੇ ਆਪਣੇ ਪਤੀ ਨਾਲ਼ ਹੀ ਨਹੀਂ ਸਗੋਂ ਸਾਰੇ ਹੀ ਇਨਕਲਾਬੀ ਸਾਥੀਆਂ ਨਾਲ਼ ਮੋਢੇ ਨਾਲ਼ ਮੋਢਾ ਡਾਹ ਕੇ ਕੰਮ ਕੀਤਾ।ਇਹੋ ਜਿਹੀ ਵੀਰਾਂਗਣਾ ਦੇ ਚਰਨਾਂ ਵਿਚ ਜਿੰਨਾ ਨਤਮਸਤਕ ਹੋਇਆ ਜਾਵੇ ਉਨਾ ਹੀ ਥੋੜਾ।ਉਸ ਤੋਂ ਬਾਅਦ ਤਾਂ ਪਾਰਟੀ ਵਿਚ ਉਨ੍ਹਾਂ ਦੀ ਬਹੁਤ ਹੀ ਸਤਿਕਾਰਯੋਗ ਥਾਂ ਬਣ ਗਈ ਸੀ ਤੇ ਭਗਵਤੀ ਜੀ ਤੇ ਚੰਦਰ ਸ਼ੇਖਰ ਆਜ਼ਾਦ ਹੁਰੀਂ ਆਪਸ ਵਿਚ ਘਿਉ ਖਿਚੜੀ ਹੋ ਗਏ ਸਨ।

ਇਕ ਵਾਰ ਭਾਬੀ ਜੀ ਜੇਲ੍ਹ ਵਿਚ ਭਗਤ ਸਿੰਘ ਨਾਲ਼ ਮੁਲਾਕਾਤ ਕਰਨ ਗਏ ।ਉਹ ਭਗਤ ਸਿੰਘ ਦੀ ਚਾਚੀ ਯਾਨੀ ਚਾਚਾ ਅਜੀਤ ਸਿੰਘ ਦੀ ਪਤਨੀ ਬਣ ਕੇ ਗਏ ।ਕਿਉਂਕਿ ਖ਼ੂਨ ਦੇ ਰਿਸ਼ਤੇ ਨੂੰ ਛੱਡ ਕੇ ਹੋਰ ਕਿਸੇ ਨੂੰ ਮਿਲਣ ਦੀ ਆਗਿਆ ਨਹੀਂ ਸੀ

ਦਿੱਤੀ ਜਾਂਦੀ।ਸਾਂਡਰਸ ਦੇ ਕਤਲ ਵੇਲੇ ਉਹ ਭਗਤ ਸਿੰਘ ਦੀ ਪਤਨੀ ਬਣੇ ਸਨ ਤੇ ਹੁਣ ਚਾਚੀ, ਵਾਹ ! ਸਦਕੇ ! ਕਿੱਡੀ ਮਹਾਨ ਕੁਰਬਾਨੀ ਹੈ !ਪੁਲਿਸ ਵਾਲੇ ਪੈਰ ਹੀ ਨਾ ਲੱਗਣ ਦੇਣ।ਪਰ ਕਿਸੇ ਤਰ੍ਹਾਂ ਭਗਤ ਸਿੰਘ ਨੇ ਅੰਦਰੋਂ ਕਹਾਇਆ ਤਾਂ ਕਿਤੇ ਜਾ ਕੇ ਮੁਲਾਕਾਤ ਹੋ ਸਕੀ।ਉਸ ਵਕਤ ਭਗਤ ਸਿੰਘ ਫਾਂਸੀ ਵਾਲੀ ਕੋਠੜੀ ਵਿਚ ਬੰਦ ਸੀ।ਕੱਚੀ ਜਿਹੀ ਕੋਠੜੀ ਸੀ ਪਰ ਖੁੱਲ੍ਹੀ ਜਿਹੀ ਸੀ।ਉਸਦੇ ਪਿੱਛੇ ਥੋੜੀ ਜਿਹੀ ਖਾਲੀ ਥਾਂ ਹੋਰ ਸੀ ਪਰ ਕੋਈ ਦਰਵਾਜ਼ਾ ਬਗੈਰਾ ਨਹੀਂ ਸੀ।ਭਗਤ ਸਿੰਘ ਹੱਸ ਕੇ ਕਹਿਣ ਲੱਗਿਆ-''ਚਲੋ ਪਿੰਨੀਆਂ ਖਾਈਏ।''

''ਪਿੰਨੀਆਂ ਕਿੱਥੋਂ ਆ ਗਈਆਂ ?''

''ਹੈਨ ਪਿੰਨੀਆਂ, ਅੰਦਰ ਆ ਜਾਉ।''ਅਸਲ ਵਿਚ ਭਗਤ ਸਿੰਘ ਕੋਈ ਗੁਪਤ ਗੱਲ ਦੱਸਣੀ ਚਾਹੁੰਦਾ ਸੀ।ਕਿਉਂਕਿ ਉਸ ਵਕਤ ਦੁਰਗਾ ਜੀ ਹੀ ਪਾਰਟੀ ਵਿਚ ਲਿੰਕ ਦਾ ਕੰਮ ਕਰਦੇ ਸਨ, ਜਿਸ ਕਰਕੇ ਅੰਦਰ ਬਾਹਰ ਦੀਆਂ ਸਭ ਗੱਲਾਂ ਉਹ ਇੱਧਰ ਉਧਰ ਲਿਜਾਂਦੇ ਲਿਆਉਂਦੇ ਸਨ।ਹੋਰ ਤਾਂ ਹੋਰ ਹਰ ਤਰ੍ਹਾਂ ਦਾ ਸਾਹਿਤ ਅਤੇ ਹਥਿਆਰ, ਬੰਬ ਆਦਿ ਉਹੀ ਇੱਧਰ ਉਧਰ ਲਿਜਾਇਆ ਕਰਦੇ ਸਨ ਅਤੇ ਸਭ ਕ੍ਰਾਂਤੀਕਾਰੀਆਂ ਨਾਲ ਤਾਲਮੇਲ ਵੀ ਰਖਦੇ ਸਨ।ਅਜੇ ਉਹ ਫਰਾਰ ਨਹੀਂ ਸਨ ਹੋਏ।ਉਨ੍ਹਾਂ ਨੂੰ ਸਾਰਿਆਂ ਦੀ ਹਾਜ਼ਰੀ ਵਿਚ ਖ਼ਾਸ ਕਰਕੇ ਪੁਲਿਸ ਵਾਲਿਆਂ ਦੇ ਸਾਮ੍ਹਣੇ ਕਹਿਣਾ ਔਖਾ ਸੀ, ਜਿਸ ਕਰਕੇ ਭਗਤ ਸਿੰਘ ਉਨ੍ਹਾਂ ਨੂੰ ਪਰ੍ਹਾਂ ਲੈ ਗਿਆ।ਅੰਦਰ ਇਕ ਪਾਸੇ ਇਕ ਸਟੋਵ ਪਿਆ ਸੀ ਜਿਸ ਉਪਰ ਕੋਈ ਭਾਂਡਾ ਰੱਖਿਆ ਹੋਇਆ ਸੀ।ਉਸ ਭਾਂਡੇ ਵਿਚ ਸੱਚ-ਮੁੱਚ ਹੀ ਕੁੱਝ ਪਿੰਨੀਆਂ ਰੱਖੀਆਂ ਹੋਈਆਂ ਸਨ।

''ਤੇਰੇ ਕੋਲ ਪਿੰਨੀਆਂ ਕਿੱਥੋਂ ਆ ਗਈਆਂ ?''ਦੁਰਗਾ ਭਾਬੀ ਜੀ ਨੇ ਪੁੱਛਿਆ।

ਭਗਤ ਸਿੰਘ ਨੇ ਹੱਸ ਕੇ ਜਵਾਬ ਦਿੱਤਾ-''ਜਿਹੜਾ ਦੁੱਧ ਮਿਲਦਾ ਹੈ ਉਸ ਨੂੰ ਕਾੜ੍ਹ ਕੇ ਖੋਆ ਬਣਾ ਲਿਆ ਤੇ ਖੋਏ ਦੀਆਂ ਪਿੰਨੀਆਂ।ਇਕ ਦੂਜੇ ਦੀਆਂ ਨਜ਼ਰਾਂ ਵਿਚ ਵੇਖਦਿਆਂ ਦੁਰਗਾ ਜੀ ਇਹੋ ਜਿਹੇ ਮਹਾਨ ਕ੍ਰਾਂਤੀਕਾਰੀ ਤੋਂ ਬਲਿਹਾਰ ਜਾ ਰਹੇ ਸਨ ਜਿਸ ਨੇ ਸਾਮ੍ਹਣੇ ਮੌਤ ਖੜ੍ਹੀ ਵੇਖ ਕੇ ਆਪਣੇ ਸ਼ੌਕ ਨੂੰ ਭੋਰਾ ਭਰ ਵੀ ਸੇਕ ਨਹੀਂ ਸੀ ਲੱਗਣ ਦਿੱਤਾ।ਫਾਂਸੀ ਦੀ ਸਜ਼ਾ ਹੋ ਚੁੱਕੀ ਹੋਣ ਦੇ ਬਾਵਜੂਦ ਹਮੇਸ਼ਾ ਚੜ੍ਹਦੀਆਂ ਕਲਾ ਵਿਚ ਰਹਿਣ ਵਾਲੇ ਭਗਤ ਸਿੰਘ ਹਰ ਕੋਈ ਇਹ ਕੁੱਝ ਵੇਖ ਕੇ ਸਦਕੇ ਜਾ ਸਕਦਾ ਸੀ।

ਪਾਰਟੀ ਵਿਚ ਭਗਤ ਸਿੰਘ ਨੂੰ ਛੁਡਾਉਣ ਦੀ ਸਕੀਮ ਬਣਨ ਲੱਗੀ ਤਾਂ ਇਸ ਕਾਰਜ ਨੂੰ ਨੇਪਰੇ ਚੜ੍ਹਾਉਣ ਲਈ ਭਗਵਤੀ ਚਰਨ ਵੋਹਰਾ ਅਤੇ ਦੁਰਗਾ ਜੀ ਹੀ ਅੱਗੇ ਆਏ।ਭਾਵੇਂ ਕਿ ਉਸ ਵਕਤ ਤੱਕ ਦੁਰਗਾ ਭਾਬੀ ਦੇ ਵਾਰੰਟ ਜਾਰੀ ਹੋ ਚੁੱਕੇ ਸਨ ਤਾਂ ਵੀ ਉਹ ਗੁਪਤਵਾਸ ਵਿਚ ਰਹਿੰਦਿਆਂ ਇਸ ਕੰਮ ਵਿਚ ਸਹਾਈ ਹੋ ਰਹੇ ਸਨ।ਯਸ਼ਪਾਲ ਜੀ, ਧਨਵੰਤਰੀ ਜੀ, ਚੰਦਰ ਸ਼ੇਖਰ ਆਜ਼ਾਦ ਸਭ ਦੇ ਇਕੱਠੇ ਹੀ ਵਾਰੰਟ ਨਿਕਲੇ ਸਨ।ਉਨ੍ਹਾਂ ਨੇ ਆਪਣਾ ਘਰ ਛੱਡ ਦਿੱਤਾ ਹੋਇਆ ਸੀ।ਦੁਰਗਾ ਭਾਬੀ ਜੀ ਨੇ ਦੱਸਿਆ ਕਿ ਪੁਲਿਸ ਵਿਚ ਵੀ ਕੁੱਝ ਬੰਦੇ ਨੇਕ ਦਿਲ ਹੁੰਦੇ ਸਨ ਜੋ ਪਾਰਟੀ ਨਾਲ ਹਮਦਰਦੀ ਰੱਖਦੇ ਸਨ।ਪੁਲਿਸ ਵਾਲਿਆਂ ਨੇ ਉਨ੍ਹਾਂ ਨੂੰ ਪਹਿਲਾਂ ਹੀ ਸੂਚਿਤ ਕਰ ਦਿੱਤਾ ਸੀ ਸਭ ਦੇ ਵਾਰੰਟ ਨਿਕਲਣ ਵਾਲੇ ਹਨ।ਇਸੇ ਕਰਕੇ ਉਨ੍ਹਾਂ ਨੇ ਪਹਿਲਾਂ ਹੀ ਘਰ ਛੱਡ ਕੇ



ਜਗਾਹ ਬਦਲ ਲਈ ਸੀ। ਉਹ ਕੇਂਦਰੀ ਜੇਲ੍ਹ ਅਤੇ ਬੋਸਟਲ ਜੇਲ੍ਹ ਦੇ ਵਿਚਕਾਰ ਕਰਕੇ ਮਕਾਨ ਕਿਰਾਏ 'ਤੇ ਲੈ ਕੇ ਰਹਿਣ ਲੱਗ ਪਏ ਤਾਂ ਜੋ ਇਸ ਕੰਮ ਨੂੰ ਠੀਕ ਢੰਗ ਨਾਲ ਅੰਜਾਮ ਦਿੱਤਾ ਜਾ ਸਕੇ।ਉਨ੍ਹਾਂ ਦੇ ਘਰ ਬੈਠ ਕੇ ਹੀ ਇਹ ਸਕੀਮ ਬਣਾਈ ਗਈ ਸੀ।ਸਾਰਿਆਂ ਨੂੰ ਹੀ ਬੱਸ ਭਗਤ ਸਿੰਘ ਦੀ ਹੀ ਸੋਚ ਲੱਗੀ ਰਹਿੰਦੀ ਸੀ।ਪਾਰਟੀ ਦੇ ਭਵਿੱਖ ਲਈ ਉਸ ਦਾ ਬਾਹਰ ਆਉਣਾ ਜ਼ਰੂਰੀ ਮੰਨਿਆ ਜਾ ਰਿਹਾ ਸੀ।ਮੌਤ ਦਾ ਭਾਵੇਂ ਕਿਸੇ ਨੂੰ ਰੱਤੀ ਭਰ ਵੀ ਭੈ ਨਹੀਂ ਸੀ, ਕਿਉਂਕਿ ਸਭ ਸਮਝਦੇ ਸਨ ਕਿ ਉਨ੍ਹਾਂ 'ਚੋਂ ਕਿਸੇ ਦੀ ਵੀ ਕਦੋਂ ਵੀ ਵਾਰੀ ਆ ਸਕਦੀ ਹੈ।ਸੋ ਕਿਸੇ ਨੂੰ ਵੀ ਗ੍ਰਿਫ਼ਤਾਰੀ ਜਾਂ ਫਾਂਸੀ ਤੋਂ ਖ਼ਤਰਾ ਨਹੀਂ ਸੀ ਜਾਪਦਾ।ਹਰ ਕੋਈ ਭਾਰਤ ਮਾਤਾ ਦੀਆਂ ਗੁਲਾਮੀ ਦੀਆਂ ਜੰਜ਼ੀਰਾਂ ਕੱਟਣ ਲਈ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਤੱਤਪਰ ਸੀ।ਭਗਤ ਸਿੰਘ ਨੂੰ ਛੁਡਾਉਣ ਲਈ ਚੰਦਰ ਸ਼ੇਖਰ ਆਜ਼ਾਦ, ਭਗਵਤੀ ਚਰਨ ਵੋਹਰਾ, ਵਾਸ਼ਪਾਇਨ,ਸੁਖਦੇਵ ਰਾਜ (ਯਾਨੀ ਦੂਜਾ ਸੁਖਦੇਵ)ਤੇ ਹੋਰ ਕਈ ਜਾਣੇ ਸ਼ਾਮਿਲ ਸਨ।ਇਹ ਸਾਰਾ ਕੁੱਝ ਬਹੁਤ ਹੀ ਥੋੜੇ ਦਿਨਾਂ ਵਿਚ ਤਹਿ ਹੋ ਗਿਆ ਤੇ ਸਾਰੀ ਸਕੀਮ ਬਣਾ ਲਈ ਗਈ।ਸਾਰੀ ਸਕੀਮ ਭਗਤ ਸਿੰਘ ਨੂੰ ਬਣਾ ਕੇ ਭੇਜੀ ਗਈ।ਬਾਹਰਲੇ ਸਾਥੀ ਭਗਤ ਸਿੰਘ ਦੀ ਸਲਾਹ ਨਾਲ ਕੋਈ ਕਾਰਵਾਈ ਕਰਦੇ ਸਨ।

ਪ੍ਰੋਗਰਾਮ ਬਣਿਆ ਕਿ ਜੇਲ੍ਹ ਰੋਡ ਉਪਰ ਲਈ ਗਈ ਕੋਠੀ ਵਿਚ ਰਹਿ ਕੇ ਸਭ ਕਾਸੇ 'ਤੇ ਘੋਖਵੀਂ ਨਜ਼ਰ ਰੱਖੀ ਜਾਵੇ।ਪਹਿਲਾਂ ਹੀ ਰਿਹਰਸਲ ਕਰ ਲਈ ਜਾਵੇ ਤਾਂ ਜੋ ਸਾਰਾ ਐਕਸ਼ਨ ਸਫ਼ਲਤਾ ਪੂਰਬਕ ਨੇਪਰੇ ਚਾੜ੍ਹਿਆ ਜਾ ਸਕੇ।ਪਹਿਲਾਂ ਕੋਠੀ ਵਿਚ ਸਾਰੇ ਹੀ ਮਰਦ ਰਹਿੰਦੇ ਸਨ, ਜਿਸ ਕਰਕੇ ਕੋਈ ਸ਼ੱਕ ਖੜ੍ਹਾ ਹੋ ਸਕਦਾ ਸੀ।ਇਸ ਤਰ੍ਹਾਂ ਖ਼ਤਰਾ ਮੁੱਲ ਲੈਣ ਵਾਲੀ ਗੱਲ ਸੀ।ਇਸ ਲਈ ਦੁਰਗਾ ਭਾਬੀ ਦੇ ਨਾਲ ਸੁਸ਼ੀਲਾ ਦੀਦੀ ਨੂੰ ਕਲਕੱਤੇ ਤੋਂ ਬੁਲਾ ਲਿਆ ਗਿਆ।ਸੁਸ਼ੀਲਾ ਜੀ ਨੌਕਰੀ ਛੱਡ ਕੇ ਆ ਗਏ ਤੇ ਸਾਰੇ ਲੋਕ ਇਕੱਠੇ ਇਕ ਪਰਿਵਾਰ ਵਾਂਗ ਰਹਿਣ ਲੱਗ ਪਏ।ਇਸ ਕੋਠੀ ਵਿਚ ਇਕ ਇੰਜੀਨੀਅਰ ਵੀ ਰਹਿੰਦਾ ਸੀ ਜੋ ਆਮ ਤੌਰ 'ਤੇ ਹੀ ਉਨ੍ਹਾਂ ਦੀਆਂ ਹਰਕਤਾਂ ਵਾਚਦਾ ਰਹਿੰਦਾ ਸੀ।

ਲਾਹੌਰ ਦੀਆਂ ਦੂਹਾਂ ਜੇਲ੍ਹਾਂ ਦਾ ਬਹੁਤਾ ਫ਼ਾਸਲਾ ਨਹੀਂ ਸੀ।ਬੋਸਟਲ ਜੇਲ੍ਹ ਵਿਚ ਹਵਾਲਾਤੀ ਕੈਦੀ ਰੱਖੇ ਹੋਏ ਸਨ।ਕੇਂਦਰੀ ਜੇਲ੍ਹ ਵਿਚ ਸਜ਼ਾ ਜ਼ਾਫ਼ਤਾ ਕੈਦੀ ਸਨ।ਇਨ੍ਹਾਂ ਦੂਹਾਂ ਜੇਲ੍ਹਾਂ ਦੇ ਵਿਚਕਾਰ ਉਨ੍ਹਾਂ ਦੀ ਇਹ ਕੋਠੀ ਸੀ।ਕੇਂਦਰੀ ਜੇਲ੍ਹ ਦੇ ਕੈਦੀਆਂ ਨੇ ਆਪਣੀਆਂ ਮੰਗਾਂ ਦੇ ਹੱਕ ਵਿਚ ਹੜਤਾਲ ਕੀਤੀ ਹੋਈ ਸੀ। ਭੁੱਖ ਹੜਤਾਲ ਦਾ ਸਿਆਸੀ ਪੈਂਤੜੇ ਤੋਂ ਬਹੁਤ ਮਹੱਤਵ ਮੰਨਿਆ ਜਾਂਦਾ ਸੀ।ਇਸ ਨਾਲ ਬਾਹਰ ਪ੍ਰਚਾਰ ਹੁੰਦਾ ਸੀ ਕਿ ਅੰਦਰ ਕੈਦੀਆਂ ਦੀ ਸਥਿੱਤੀ ਬਹੁਤ ਗੰਭੀਰ ਬਣੀ ਹੋਈ ਹੈ।ਜਿਵੇਂ ਕਿ ਜਤਿੰਦਰ ਨਾਥ ਦਾਸ ਦੀ ਸੀ।ਇਸ ਤਰ੍ਹਾਂ ਦੇ ਪ੍ਰਚਾਰ ਨਾਲ ਆਮ ਲੋਕਾਂ ਦੀ ਦੇਸ਼ ਭਗਤਾਂ ਨਾਲ ਹਮਦਰਦੀ ਜੁੜ ਜਾਂਦੀ ਹੈ।ਸਰਕਾਰ ਦੇ ਵਿਰੁੱਧ ਰੋਸ ਫੈਲਦਾ ਹੈ।ਲੋਕ ਮਾਨਸਿਕਤਾ ਬਦਲਣ ਲਗਦੀ ਹੈ ਤੇ ਸਿਆਸੀ ਚੇਤਨਾ ਦਾ ਪ੍ਰਸਾਰ ਹੁੰਦਾ ਹੈ।ਜਦੋਂ ਜੇਲ੍ਹ ਅਧਿਕਾਰੀ ਉਨ੍ਹਾਂ ਨਾਲ ਧੱਕਾ-ਮੁੱਕੀ ਕਰਦੇ ਸਨ ਤੇ ਜ਼ੋਰ-ਜ਼ਬਰਦਸਤੀ ਖ਼ੁਰਾਕ ਦੇਣ ਦਾ ਯਤਨ ਕਰਦੇ ਸਨ ਤਾਂ ਕੈਦੀ ਇਸ ਦਾ ਵਿਰੋਧ ਕਰਦੇ ਸਨ ਤੇ ਇਸ

ਤਰ੍ਹਾਂ ਉਨ੍ਹਾਂ ਦੀ ਹਾਲਤ ਹੋਰ ਤਰਸਯੋਗ ਹੋ ਜਾਂਦੀ ਸੀ ਤੇ ਬਾਹਰ ਪ੍ਰਚਾਰ ਹੁੰਦਾ ਸੀ
ਕਿ ਅੰਦਰ ਕੈਦੀਆਂ ਨਾਲ਼ ਬਦਸਲੂਕੀ ਕੀਤੀ ਜਾਂਦੀ ਹੈ ਆਦਿ।ਸੋ ਸਾਰੀ ਯੋਜਨਾ
ਤਹਿ ਹੋ ਗਈ।ਕੈਦੀਆਂ ਨੇ ਭੁੱਖ ਹੜਤਾਲ਼  ਕਰ ਦਿੱਤੀ।
ਇਸ ਯੋਜਨਾ ਨੂੰ ਲਾਗੂ ਕਰਨ ਲਈ ਭਗਤ ਸਿੰਘ ਨੇ ਕੈਦੀਆਂ ਦੀ ਭੁੱਖ ਹੜਤਾਲ਼
ਤੁੜਵਾਉਣੀ ਸੀ।ਭਗਤ ਸਿੰਘ ਜਿਸ ਦਾ ਵਕੀਲਾਂ ਅਤੇ ਜੇਲ੍ਹ ਅਧਿਕਾਰੀਆ ਉਪਰ ਵੀ
ਇਕ ਸਮਝਦਾਰ ਅਤੇ ਸੰਵੇਦਨਸ਼ੀਲ ਵਿਅਕਤੀ ਵਾਲ਼ਾ ਪ੍ਰਭਾਵ ਸੀ,ਕੇਂਦਰੀ ਜੇਲ੍ਹ ਦੇ
ਕੈਦੀਆਂ ਨੂੰ ਮਨਾ ਸਕਦਾ ਸੀ।ਇਹ ਗੱਲ ਮਿਥੀ ਗਈ ਕਿ ਭਗਤ ਸਿੰਘ ਕੈਦੀਆਂ ਨੂੰ
ਭੁੱਖ ਹੜਤਾਲ਼ ਖ਼ਤਮ ਕਰਨ ਦੀ ਪ੍ਰੇਰਨਾ ਦੇਵੇਗਾ ਤੇ ਕੈਦੀਆਂ ਨੂੰ ਦੱਸੇਗਾ ਕਿ
ਅਧਿਕਾਰੀਆਂ ਨੇ ਕੈਦੀਆਂ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਹਨ, ਇਸ ਲਈ ਭੁੱਖ
ਹੜਤਾਲ਼ ਖ਼ਤਮ ਕਰ ਦਿੱਤੀ ਜਾਵੇ।ਜਦ ਭਗਤ ਸਿੰਘ ਨੂੰ ਦੂਜੀ ਜੇਲ੍ਹ ਵਿਚ ਲਿਜਾਇਆ
ਜਾ ਰਿਹਾ ਹੋਵੇਗਾ ਤਾਂ ਕੁੱਝ ਚਿਰ ਵੱਡਾ ਗੇਟ ਖੁੱਲ੍ਹਣ 'ਤੇ ਲੱਗੇਗਾਂ।ਉਸ ਵਕਤ ਭਗਤ
ਸਿੰਘ ਕੁੱਝ ਚਿਰ ਲਈ ਜੇਲ੍ਹ ਦੇ ਪਾਰਕ ਵਿਚ ਬਿਠਾਇਆ ਜਾਵੇਗਾ।ਇਹ ਸਭ ਕੁੱਝ
ਕ੍ਰਾਂਤੀਕਾਰੀ ਵੇਖ ਰਹੇ ਹੋਣਗੇ।ਇਸ ਸਭ ਕਾਸੇ ਦੀ ਨਿਗਰਾਨੀ ਰੱਖਣ ਲਈ ਕੁੱਝ ਸਾਥੀ
ਉਥੇ ਪਾਰਕ ਵਿਚ ਹੀ ਤਾਸ਼ ਖੇਡਣਗੇ।ਦੂਜੇ ਸਾਥੀ ਇਕ ਕਾਰ ਥੋੜ੍ਹਾ ਪਰ੍ਹਾਂ ਖੜ੍ਹਾ ਕੇ
ਇੰਤਜ਼ਾਰ ਕਰਨਗੇ।ਇਸ਼ਾਰਾ ਮਿਲ਼ਣ 'ਤੇ ਚੰਦਰ ਸ਼ੇਖਰ ਅਤੇ ਕੁੱਝ ਸਾਥੀ ਕਾਰ ਲੈ ਕੇ
ਭਗਤ ਸਿੰਘ ਦੇ ਨਜ਼ਦੀਕ ਆਉਣਗੇ ਅਤੇ  ਹਮਲਾ ਕਰ ਦੇਣਗੇ।ਜੇਕਰ ਪੁਲਿਸ ਵੱਲੋਂ
ਵਿਰੋਧ ਕੀਤਾ ਗਿਆ ਤਾਂ ਚਾਰ ਬੰਦੇ ਜੋ ਪਿੱਛੇ ਬੰਬਾਂ ਨਾਲ਼ ਲੈਸ ਹੋਣਗੇ ਪੁਲਿਸ ਵਾਲ਼ਿਆਂ
'ਤੇ ਬੰਬਾਂ ਨਾਲ਼ ਉਨ੍ਹਾਂ ਨੂੰ ਉਡਾ ਦੇਣਗੇ।ਆਗਰੇ ਤੋਂ ਬੰਬ ਬਣ ਕੇ ਆ ਗਏ
ਸਨ।ਦੁਰਗਾ ਭਾਬੀ ਦਸਦੇ ਸਨ ਕਿ ਉਨ੍ਹਾਂ ਕੋਲ਼ ਪੈਸੇ ਦੀ ਕੋਈ ਕਮੀ ਨਹੀਂ ਸੀ ਕਿਉਂਕਿ
ਬਹੁਤ ਸਾਰੇ ਅਫ਼ਸਰ ਵੀ ਪਾਰਟੀ ਨੂੰ ਫੰਡ ਆਦਿ ਦਿੰਦੇ ਸਨ ਅਤੇ ਹੋਰ ਹਰ ਤਰ੍ਹਾਂ
ਦੀ ਸਹਾਇਤਾ ਕਰਦੇ ਸਨ।

ਸਾਰੀ ਯੋਜਨਾ ਬਣ ਜਾਣ ਤੋਂ ਬਾਅਦ ਭਗਵਤੀ ਚਰਨ ਕਹਿਣ ਲੱਗੇ ਕਿ ਪਹਿਲਾਂ ਬੰਬਾਂ ਦੀ ਪਰਖ ਕਰ ਲਈ ਜਾਣੀ ਚਾਹੀਦੀ ਹੈ।ਕਿਤੇ ਅਜਿਹਾ ਨਾ ਹੋਵੇ ਕਿ ਇਹ ਮੌਕੇ 'ਤੇ ਧੋਖਾ ਦੇ ਜਾਣ।ਭਗਵਤੀ ਚਰਨ ਜੀ ਆਪਣੇ ਸਾਥੀਆਂ ਨੂੰ ਨਾਲ਼ ਲੈ ਕੇ ਰਾਵੀ ਦੇ ਕਿਨਾਰੇ ਜੰਗਲ ਵਿਚ ਚਲੇ ਗਏ।ਉਸ ਵਕਤ ਉਨ੍ਹਾਂ ਦੇ ਨਾਲ਼ ਸੁਖਦੇਵ ਰਾਜ ਦੂਜਾ ਅਤੇ ਵਾਸ਼ਪਾਇਨ ਸਨ।ਐਕਸ਼ਨ ਦੀ ਰਿਹਰਸਲ ਤਾਂ ਰੋਜ਼ ਹੀ ਕੀਤੀ ਜਾਂਦੀ ਸੀ ਤਾਂ ਕਿ ਇਹ ਪੱਕ ਹੋਇਆ ਰਹੇ ਕਿ ਐਕਸ਼ਨ ਪੂਰੀ ਤਰ੍ਹਾਂ ਸਫ਼ਲ ਹੋ ਕੇ ਰਹੇਗਾ।ਜਦੋਂ ਸੁਖਦੇਵ ਰਾਜ ਬੰਬ ਦੀ ਪਰਖ ਕਰਨ ਲੱਗੇ ਤਾਂ ਭਗਵਤੀ ਜੀ ਨੇ ਉਸ ਕੋਲੋਂ ਬੰਬ ਫੜ ਲਿਆ ਕਿਉਂਕਿ ਉਸਦੀ ਪਿੰਨ ਕੁੱਝ ਢਿੱਲੀ ਜਾਪ ਰਹੀ ਸੀ।ਜਿਉਂ ਹੀ ਭਗਵਤੀ ਜੀ ਨੇ ਪਿੰਨ ਹਿਲਾਈ ਤਾਂ ਬੰਬ ਉਨ੍ਹਾਂ ਦੇ ਪੇਟ ਉਪਰ ਹੀ ਫਟ ਗਿਆ ਜਿਸ ਨਾਲ਼ ਉਨ੍ਹਾਂ ਦੀਆਂ ਅੰਤੜੀਆਂ ਬਾਹਰ ਨਿਕਲ਼ ਆਈਆਂ।ਸੁਖਦੇਵ ਰਾਜ ਦੇ ਵੀ ਪੈਰ 'ਤੇ ਕੁੱਝ ਸ਼ੱਰ੍ਹੇ ਲੱਗੇ ।ਉਹ ਉਸੇ ਵਕਤ ਦੱਸਣ ਵਾਸਤੇ ਘਰ ਆਇਆ ਤਾਂ ਯਸ਼ਪਾਲ  ਹੁਰਾਂ ਨੂੰ ਡਾਕਟਰ ਲੱਭਦਿਆਂ ਕਾਫ਼ੀ ਸਮਾਂ ਲੱਗ ਗਿਆ।ਸਾਥੀਆਂ ਦੇ ਦੱਸਣ ਅਨੁਸਾਰ ਜਦੋਂ ਡਾਕਟਰ ਉਥੇ ਪਹੁੰਚਿਆ ਤਾਂ ਭਗਵਤੀ ਜੀ ਦੀ ਆਖ਼ਰੀ ਘੜੀ ਸੀ।



ਕਿੱਡੀ ਗਜ਼ਬ ਦੀ ਗੱਲ ਹੈ ਕਿ ਜਦੋਂ ਦੁਰਗਾ ਭਾਬੀ ਜੀ ਨੂੰ ਇਸ ਹਾਦਸੇ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਆਪਣਾ ਮੂੰਹ ਹੀ ਬੰਦ ਕਰ ਲਿਆ।ਕਿੱਡੀ ਦੀਦਾ ਦਲੇਰੀ ਸੀ ਉਨ੍ਹਾਂ ਜੋ ਇਹ ਸੋਚ ਕੇ ਹੀ ਚੁੱਪ ਵੱਟ ਗਏ ਕਿ ਜੇ ਗੁਆਂਢੀਆਂ ਨੇ ਉਨ੍ਹਾਂ ਨੂੰ ਰੋਂਦਿਆਂ ਵੇਖ ਲਿਆ ਤਾਂ ਇਸ ਘਟਨਾ ਦਾ ਭੇਤ ਖੁੱਲ੍ਹ ਜਾਏਗਾ ਜੋ ਪਾਰਟੀ ਲਈ ਬਹੁਤ ਹੀ ਜ਼ਿਆਦਾ ਘਾਤਕ ਸਾਬਤ ਹੋ ਸਕਦਾ ਸੀ।ਅੱਖਾਂ ਵਿਚੋਂ ਇਕ ਹੀ ਅੱਥਰੂ ਵਗਾਏ ਬਗ਼ੈਰ ਉਨ੍ਹਾਂ ਨੇ ਹੰਝੂਆਂ ਅਤੇ ਹਉਕਿਆਂ ਦੀ ਚੀਸ ਨੂੰ ਅੱਖਾਂ ਦੀਆਂ ਪਲਕਾਂ ਵਿਚ ਹੀ ਘੁੱਟ ਕੇ ਇਸ ਸਦਮੇ ਨੂੰ ਬਰਦਾਸ਼ਤ ਕੀਤਾ।ਇਹੋ ਜਿਹਾ ਦਰਦ ਅਤੇ ਸਦਮਾ ਧੁਰ ਹਿਰਦੇ ਤੋਂ ਕ੍ਰਾਂਤੀ ਨੂੰ ਪ੍ਰਣਾਈ ਕੋਈ ਦੁਰਗਾ ਭਾਬੀ ਵਰਗੀ ਮਹਾਨ ਵੀਰਾਂਗਣਾ ਹੀ ਝੱਲ ਸਕਦੀ ਸੀ।ਪਾਠਕ ਜ਼ਰਾ ਕੁ ਸੋਚ ਕੇ ਦੇਖੇ ਕਿ ਇਹੋ ਜਿਹਾ ਦਰਦ ਦੀ ਸ਼ਿੱਦਤ ਕਿੰਨੀ ਕੁ ਭਿਆਨਕ ਹੋਵੇਗੀ ਤੇ ਇਸ ਪਹਾੜ ਤੋਂ ਵੀ ਭਾਰੀ ਮੌਤ ਦੇ ਦਰਦ ਨੂੰ ਉਨ੍ਹਾਂ ਨੇ ਕਿਸ ਤਰ੍ਹਾਂ ਦੀ ਦੀਦਾ ਦਲੇਰੀ ਨਾਲ਼ ਝੱਲਿਆ ਹੋਵੇਗਾ ? ਉਨ੍ਹਾਂ ਨੂੰ ਘਟਨਾ ਵਾਲ਼ੀ ਥਾਂ 'ਤੇ ਵੀ ਨਹੀਂ ਲਿਜਾਇਆ ਗਿਆ ਕਿਉਂਕਿ ਉਥੇ ਬਹੁਤੇ ਲੋਕਾਂ ਦਾ ਜਮ੍ਹਾਂ ਹੋਣਾ ਵੀ ਕੋਈ ਨਵੀਂ ਬਿਪਤਾ ਖੜ੍ਹੀ ਕਰ ਸਕਦਾ ਸੀ।ਉਸ ਵਕਤ ਉਨ੍ਹਾਂ ਦੇ ਦਿਲ 'ਤੇ ਕੀ ਗੁਜ਼ਰ ਰਹੀ ਹੋਵੇਗੀ, ਇੰਨੇ ਵੱਡੇ ਸੱਲ ਨੂੰ ਉਨ੍ਹਾਂ ਨੇ ਆਪਣੇ ਹਿਰਦੇ ਵਿਚ ਕਿਵੇਂ ਜਜ਼ਬ ਕੀਤਾ ਹੋਵੇਗਾ ਜੋ ਅੰਤਮ ਘੜੀਆਂ ਮੌਕੇ ਆਪਣੇ ਪਤੀ ਦਾ ਮੂੰਹ ਵੀ ਨਾ ਵੇਖ ਸਕੀ ਹੋਵੇ ?

ਦੁਰਗਾ ਜੀ ਇਹ ਸਮਝਦੇ ਸਨ ਕਿ ਲੋਕ ਹਿਤਾਂ ਜਾਂ ਦੇਸ਼ ਲਈ ਸੰਘਰਸ਼ ਕਰਨ ਵਾਲ਼ੇ ਲੋਕਾਂ ਨੂੰ ਆਪਣੇ ਆਦਰਸ਼ਾਂ ਦੀ ਖ਼ਾਤਰ ਵੱਡੇ ਤੋਂ ਵੱਡਾ ਮੁੱਲ ਤਾਰਨਾ ਹੀ ਪੈਣਾ ਸੀ।ਕ੍ਰਾਂਤੀਕਾਰੀਆਂ ਦਾ ਹਸ਼ਰ ਇਹੋ ਜਿਹਾ ਹੀ ਹੋਣਾ ਹੁੰਦਾ ਹੈ।ਜੋ ਲੋਕ ਹੱਕ ਸੱਚ ਅਤੇ ਇਨਸਾਫ਼ ਲਈ ਸਿਰ ਤਲ਼ੀ 'ਤੇ ਧਰ ਕੇ ਲੜਦੇ ਹਨ ਉਨ੍ਹਾਂ ਲਈ ਮੌਤ ਦੇ ਕੋਈ ਅਰਥ ਹੀ ਨਹੀਂ ਹੁੰਦੇ।ਦੇਸ਼ ਦੇ ਪਿੰਡੇ ਤੋਂ ਗੁਲਾਮੀ ਦੀਆਂ ਬੇੜੀਆਂ ਕੱਟਣ ਲਈ ਧੱਕੇਸ਼ਾਹੀ, ਲੁੱਟ-ਖਸੁੱਟ , ਜਬਰ ਜ਼ੁਲਮ, ਬੇਇਨਸਾਫ਼ੀ ਅਤੇ ਹਰ ਤਰ੍ਹਾਂ ਦੇ ਦਾਬੇ ਅਤੇ ਕਾਲ਼ੀਆਂ ਤਾਕਤਾਂ ਖ਼ਿਲਾਫ਼ ਲੜਨ ਵਾਲਿਆਂ ਨੇ ਮੌਤ ਨੂੰ ਮਰਨ ਤੋਂ ਪਹਿਲਾਂ ਹੀ ਗਲ਼ਵੱਕੜੀ ਪਾਈ ਹੁੰਦੀ ਹੈ।ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਉਹ ਹਰ ਮੁਸ਼ਕਿਲ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਤੱਕਦੇ ਹਨ ਤੇ ਮੌਤ ਨੂੰ ਟਿੱਚ ਜਾਣਦੇ ਹਨ।ਉਹ ਜ਼ਿੰਦਗੀ ਦੇ ਅਰਥ ਵੀ ਜਾਣਦੇ ਹੁੰਦੇ ਹਨ ਤੇ ਮੌਤ ਦੇ ਵੀ।ਇਹੋ ਜਿਹਾ ਕੁੱਝ ਇਕ ਦਿਨ ਤਾਂ ਹੋਣਾ ਹੀ ਸੀ ਚਾਹੇ ਭਗਵਤੀ ਚਰਨ ਹੁੰਦਾ ਜਾਂ ਕੋਈ ਹੋਰ।ਇਕ ਮਹਾਨ ਮਿਸ਼ਨ ਲਈ ਕੁਰਬਾਨ ਹੋਣ ਨਾਲੋਂ ਹੋਰ ਪਵਿੱਤਰ ਕਾਰਜ ਕੀ ਹੋ ਸਕਦਾ ਹੈ ? ਉਨ੍ਹਾਂ ਆਜ਼ਾਦੀ ਦੇ ਪਰਵਾਨਿਆਂ ਲਈ ਇਹ ਸਭ ਕੁੱਝ ਇਕ ਤਰ੍ਹਾਂ ਦਾ ਸਾਧਾਰਨ ਵਰਤਾਰਾ ਹੀ ਸੀ।

ਮਰਨ ਤੋਂ ਪਹਿਲਾਂ ਭਗਵਤੀ ਜੀ ਨੇ ਸਾਥੀਆਂ ਨੂੰ ਕਿਹਾ ਕਿ ਇਹ ਕੰਮ ਰੁਕਣਾ ਨਹੀਂ ਚਾਹੀਦਾ।ਭਗਤ ਸਿੰਘ ਨੂੰ ਛੁਡਾਉਣ ਲਈ ਸਾਥੀ ਯਤਨ ਕਰਦੇ ਰਹਿਣ।ਭਗਤ ਸਿੰਘ ਦੀ ਸੰਘਰਸ਼ ਵਿਚ ਬਹੁੱਦ ਲੋੜ ਉਭਾਰਦਿਆਂ ਵੋਹਰਾ ਜੀ ਨੇ ਸਾਥੀਆਂ ਨੂੰ ਚੇਤੰਨ ਕੀਤਾ ਕਿ ਇਹ ਕਾਰਜ ਹਰ ਹੀਲੇ ਹੋਣਾ ਚਾਹੀਦਾ ਹੈ।ਸਾਥੀ ਧਨਵੰਤਰੀ, ਚੰਦਰ ਸ਼ੇਖਰ ਆਜ਼ਾਦ, ਯਸ਼ਪਾਲ ਆਦਿ ਨੇ ਸਾਥੀ ਦੀ ਮ੍ਰਿਤਕ ਦਿਹ ਨੂੰ ਉਥੇ ਹੀ ਜੰਗਲ ਵਿਚ ਟੋਆ ਪੁੱਟ ਕੇ ਦਫ਼ਨਾ ਦਿੱਤਾ।ਸੰਸਕਾਰ ਕਰਨਾ ਵੀ ਤਾ ਮਹਿੰਗਾ ਪੈ

ਸਕਦਾ ਸੀ।ਹਰ ਪਾਸੇ ਖ਼ਤਰਾ ਹੀ ਖ਼ਤਰਾ ਸੀ।

ਹਾਂ ਪੁਲਿਸ ਉਸ ਮਹਾਨ ਸੂਰਬੀਰ ਨੂੰ ਗ੍ਰਿਫ਼ਤਾਰ ਤਾਂ ਨਾ ਕਰ ਸਕੀ ਪਰ ਪਤਾ ਲੱਗਣ 'ਤੇ ਉਨ੍ਹਾਂ ਦੀਆਂ ਹੱਡੀਆਂ ਜ਼ਰੂਰ ਬਰਾਮਦ ਕਰ ਲਈਆਂ ਗਈਆਂ ਤੇ ਆਪਣੀ ਇਸ 'ਬਹਾਦਰੀ' ਦੇ ਇਨਾਮ ਵੀ ਪ੍ਰਾਪਤ ਕਰ ਲਏ ਹੋਣਗੇ।ਉਸ ਵਕਤ ਉਨ੍ਹਾਂ ਦਾ ਇਕੋ ਇਕ ਬੇਟਾ ਸ਼ੱਚੀ ਸਿਰਫ਼ ਤਿੰਨ ਸਾਲ ਦਾ ਸੀ।ਭਗਤ ਸਿੰਘ ਨੂੰ ਛੁਡਾਉਣ ਦੀ ਸਕੀਮ ਫ਼ੇਲ੍ਹ ਹੋ ਗਈ।

ਉਸਤੋਂ ਬਾਅਦ ਇਕ ਘਟਨਾ ਹੋਰ ਵਾਪਰ ਗਈ।ਜਿਹੜੇ ਦੋ ਬੰਬ ਯਸ਼ਪਾਲ ਜੀ ਨੇ ਸੁਸ਼ੀਲਾ ਦੀਦੀ ਵਾਲ਼ੇ ਕਮਰੇ ਦੀ ਅਲਮਾਰੀ ਵਿਚ ਰੱਖੇ ਹੋਏ ਸਨ, ਉਨ੍ਹਾਂ 'ਚੋਂ ਇਕ ਬਿਜਲੀ ਚਲੀ ਜਾਣ ਕਰਕੇ ਪੱਖਾ ਬੰਦ ਹੋਣ ਨਾਲ਼ ਗਰਮੀ ਕਾਰਨ ਫਟ ਗਿਆ।ਡਰ ਪੈਦਾ ਹੋ ਗਿਆ ਕਿ ਪੜੋਸੀ ਇਸ ਘਟਨਾ ਦੀ ਇਤਲਾਹ ਜ਼ਰੂਰ ਹੀ ਪੁਲਿਸ ਨੂੰ ਦੇਣਗੇ।ਉਸੇ ਵਕਤ ਚੰਦਰ ਸ਼ੇਖਰ ਆਜ਼ਾਦ ਇੰਜਨੀਅਰ ਦੇ ਕਮਰੇ ਵਿਚ ਗਏ ਅਤੇ ਪਿਸਤੌਲ ਤਾਣ ਕੇ ਬੋਲੇ-''ਖ਼ਬਰਦਾਰ ਜੇ ਹੁਣੇ ਪੁਲਿਸ ਨੂੰ ਸੂਚਿਤ ਕੀਤਾ ਤਾਂ।ਸਰਕਾਰੀ ਮੁਲਾਜ਼ਮ ਹੋ ਅੱਧੇ ਘੰਟੇ ਬਾਅਦ ਇਤਲਾਹ ਕਰ ਦੇਣੀ।ਦੂਰਗਾ ਭਾਬੀ ਦੇ ਦੱਸਣ ਅਨੁਸਾਰ ਉਨ੍ਹਾਂ ਕੋਲ਼ ਕੋਈ ਬਹੁਤਾ ਸਾਮਾਨ ਤਾਂ ਹੈ ਨਹੀਂ ਸੀ ਜੋ ਕੋਠੀ ਛੱਡਣ ਵਿਚ ਦਿੱਕਤ ਆਉਂਦੀ।ਬੱਸ ਫਟਾ ਫਟ ਤਿਆਰ ਹੋਏ ਤੇ ਮਕਾਨ ਖਾਲੀ ਕਰ ਕੇ ਨਿਕਲ਼ ਗਏ।ਆਪਣੇ ਹੀ ਦੇਸ਼ ਵਿਚ ਜਲਾਵਤਨੀ ਜਿਹੀ ਜ਼ਿੰਦਗੀ ਜਿਉਣੀ ਪਈ ਇਨ੍ਹਾਂ ਮਹਾਨ ਦੇਸ਼ ਭਗਤਾਂ ਨੂੰ।ਕੇਵਲ ਕ੍ਰਿਸ਼ਨ ਨਾਂ ਦਾ ਸਾਥੀ ਜੋ ਉਨ੍ਹਾਂ ਨੂੰ ਬੰਬ ਬਣਾਉਣ ਦਾ ਢੰਗ ਦਸਦਾ ਹੁੰਦਾ ਸੀ।ਉਸਦੇ ਘਰ ਪਨਾਹ ਲੈਣੀ ਪਈ।ਉਸ ਕੋਲ਼ ਪੰਦਰਾਂ ਵੀਹ ਦਿਨ ਰਹੇ ਤੇ ਫਿਰ ਇਕ ਇਕ ਦੋ ਦੋ ਕਰਕੇ ਉਥੋਂ ਨਿਕਲ ਗਏ।ਹੁਣ ਤਾਂ ਦੂਰਗਾ ਭਾਬੀ ਲਈ ਹੋਰ ਵੀ ਬਿਪਤਾ ਦੇ ਦਿਨਾਂ ਦੀ ਸ਼ੁਰੂਆਤ ਹੋ ਚੁੱਕੀ ਸੀ।ਸੁਸ਼ੀਲਾ ਦੀਦੀ ਆਪਣੀ ਕਿਸੇ ਸਹੇਲੀ ਕੋਲ਼ ਚਲੇ ਗਏ।ਬੇਟੇ ਸ਼ੱਚੀ ਨੂੰ ਲੈ ਕੇ ਦੂਰਗਾ ਭਾਬੀ ਜੀ ਆਪ ਦਿੱਲੀ ਆ ਗਏ।

ਸਹੁਰਾ ਸਾਹਿਬ ਪਹਿਲਾਂ ਹੀ ਫੌਤ ਹੋ ਚੁੱਕੇ ਸਨ ਤੇ ਹੁਣ ਪਤੀ ਆਜ਼ਾਦੀ ਦੀ ਬੇਦੀ 'ਤੇ ਕੁਰਬਾਨ ਹੋ ਗਏ ਸਨ।ਇਹੋ ਜਿਹੇ ਮੌਕੇ ਹਰ ਕਿਸੇ ਦਾ ਦਿਲ ਚਕਨਾਚੂਰ ਨਹੀਂ ਹੋ ਜਾਂਦਾ ? ਪਰ ਨਹੀ, ਇਸ ਸਭ ਕਾਸੇ ਦੇ ਬਾਵਜੂਦ ਉਨ੍ਹਾਂ ਨੇ ਆਪਣਾ ਦਿਲ ਛੋਟਾ ਨਹੀਂ ਕੀਤਾ।ਬਰਾਬਰ ਉਸੇ ਜਜ਼ਬੇ ਨਾਲ਼ ਕ੍ਰਾਂਤੀ ਲਈ ਜੂਝਦੇ ਰਹੇ।ਉਹ ਭਲੀ ਭਾਂਤ ਸਮਝਦੇ ਸਨ ਕਿ ਆਜ਼ਾਦੀ ਦੀ ਇਸ ਲਾਟ ਉਪਰ ਅਜੇ ਪਤਾ ਨਹੀਂ ਕਿੰਨਿਆ ਕੁ ਪਰਵਾਨਿਆਂ ਨੇ ਆਪਣੀਆਂ ਕੀਮਤੀ ਜਾਨਾਂ ਦੀ ਅਹੂਤੀ ਦੇਣੀ ਹੈ।

ਆਜ਼ਾਦੀ ਦੀ ਜੋ ਲਾਟ ਉਨ੍ਹਾਂ ਦੇ ਹਿਰਦੇ ਵਿਚ ਬਲ਼ਦੀ ਪਈ ਸੀ ਉਹ ਦਿਨ ਪ੍ਰਤੀ ਦਿਨ ਹੋਰ ਪ੍ਰਚੰਡ ਹੋ ਰਹੀ ਸੀ।ਉਹ ਬਰਾਬਰ ਕੋਈ ਨਾ ਕੋਈ ਕਾਰਜ ਕਰਨ ਵਿਚ ਦਿਨ ਰਾਤ ਜੁਟੇ ਰਹਿਣ ਨੂੰ ਹੀ ਆਪਣਾ ਜੀਵਨ ਉਦੇਸ਼ ਮੰਨ ਕੇ ਤੁਰ ਰਹੇ ਸਨ।

ਦਿੱਲੀ ਵਿਚ ਵੀ ਸਕੀਮਾਂ ਬਣਦੀਆਂ ਰਹੀਆਂ ਪਰ ਕੋਈ ਢੰਗ ਤਰੀਕਾ ਰਾਸ ਨਾ ਆਇਆ।ਉਸ ਤੋਂ ਬਾਅਦ ਭਗਤ ਸਿੰਘ ਤੇ ਉਸਦੇ ਨਾਲ਼ ਰਾਜਗੁਰੂ ਅਤੇ ਸੁਖਦੇਵ ਨੂੰ



ਫਾਂਸੀ ਦੀ ਸਜ਼ਾ ਦਾ ਐਲਾਨ ਹੋ ਗਿਆ।ਉਸ ਵੇਲ਼ੇ ਦੂਰਗਾ ਭਾਬੀ ਅਤੇ ਚੰਦਰ ਸ਼ੇਖਰ ਕਾਨ੍ਹਪੁਰ ਵਿਚ ਸਨ।ਚੰਦਰ ਸ਼ੇਖਰ ਨੂੰ ਦੂਰਗਾ ਜੀ ਭੈਯਾ ਕਹਿ ਕੇ ਬੁਲਾਇਆ ਕਰਦੇ ਸਨ।ਇਕ ਦਿਨ ਕਹਿਣ ਲੱਗੇ-''ਦੇਖੋ, ਭੈਯਾ ! ਨਾ ਗਾਂਧੀ ਹੀ ਕੁੱਛ ਕਰ ਰਿਹਾ ਹੈ ਤੇ ਨਾ ਹੀ ਹੋਰ ਲੋਕ ਹੀ ਕੁੱਛ ਕਰ ਰਹੇ ਹਨ।ਇਹ ਤਾਂ ਬਹੁਤ ਹੀ ਗਲਤ ਗੱਲ ਹੈ ਕਿ ਸਾਡੇ ਇੰਨੇ ਮਹੱਤਵ ਪੂਰਨ ਵਿਅਕਤੀ ਫਾਂਸੀ ਲਟਕਾ ਦਿੱਤੇ ਜਾਣ।ਉਸ ਵਕਤ ਦੂਰਗਾ ਗਾਂਧੀ ਨੂੰ 1930 ਦੀ ਇਕ ਰਾਤ ਬਾਰਾਂ ਵਜੇ ਡਾ. ਅਨੁਸਾਰੀ ਦੇ ਕੋਠੀ ਵਿਚ ਮਿਲ਼ੇ।ਦੂਰਗਾ ਜੀ ਨੇ ਗਾਂਧੀ ਨੂੰ ਕਿਹਾ -''ਦੇਖੋ ਤੁਸੀਂ ਇਰਵਨ ਨਾਲ਼ ਗੋਲ਼ ਮੇਜ ਕਾਨਫਰੰਸ 'ਤੇ ਜਾ ਰਹੇ ਹੋ।ਤੁਸੀਂ ਭਗਤ ਸਿੰਘ ਹੁਰਾਂ ਦੀ ਫਾਂਸੀ ਵਾਲ਼ੀ ਸ਼ਰਤ ਵੀ ਰੱਖ ਸਕਦੇ ਹੋ।ਇਹ ਕੰਮ ਤੁਸੀਂ ਕਰ ਸਕਦੇ ਹੋ।ਹੋਰ ਨਹੀਂ ਤਾਂ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਵੀ ਤਬਦੀਲ ਕਰਵਾ ਸਕਦੇ ਹੋ ਜਿਵੇਂ ਕਿ ਕਾਂਗਰਸ ਹੋਰ ਲੋਕਾਂ ਦੀ ਰਿਹਾਈ ਦੀ ਮੰਗ ਕਰ ਰਹੀ ਹੈ।ਤਾਂ ਗਾਂਧੀ ਨੇ ਸਾਫ਼ ਹੀ ਕਹਿ ਦਿੱਤਾ- ''ਬਹਾਈ ਦੇਖੋ, ਯਹ ਲੋਕ ਤੋ ਹਿੰਸਾ ਕੇ ਰਾਸਤੇ ਚੱਲ ਰਹੇ ਹੈ।ਯਹਾਂ ਤੋ ਹਿੰਸਾ ਅਹਿੰਸਾ ਕਾ ਮਾਮਲਾ ਹੈ।ਹਮ ਤੋ ਹਿੰਸਾ ਮੇ ਵਿਸ਼ਵਾਸ਼ ਨਹੀਂ ਰਖਤੇ।ਯਹ ਲੋਗ ਤੋਂ ਹਿੰਸਾਵਾਦੀ ਹੈ।ਮੈਂ ਇਨ ਕੀ ਬਾਤ ਨਹੀਂ ਕਰ ਸਕਤਾ।''

ਅਸਲ ਵਿਚ ਗਾਂਧੀ ਅੰਗਰੇਜ਼ੀ ਸਾਮਰਾਜ ਦੀ ਦਲਾਲੀ ਕਰਦਿਆਂ ਇਥੋਂ ਦੀ ਸਰਮਾਏਦਾਰ ਜਮਾਤ ਦੀ ਪ੍ਰਤੀਨਿਧਤਾ ਕਰਦਾ ਸੀ।ਜਦੋਂ ਵੀ ਉਸ ਦੇ ਹੱਥ ਵਿਚੋਂ ਅੰਦੋਲਨ ਦੀ ਵਾਗ ਡੋਰ ਨਿਕਲਦੀ ਦਿਸਦੀ ਸੀ ਤਾਂ ਉਹ ਝੱਟ ਹੀ ਅੰਦੋਲਨ ਵਾਪਸ ਲੈ ਲੈਂਦਾ ਸੀ।ਉਹ ਆਪਣੇ ਅੰਗਰੇਜ਼ ਪ੍ਰਭੂਆਂ ਦੇ ਗੁਣ ਗਾਣ ਕਰਦਿਆਂ ਸੱਤਾ ਇਥੋਂ ਦੇ ਚੰਦ ਪੂੰਜੀਪਤੀਆਂ ਦੇ ਹੱਥ ਵਿਚ ਸੌਂਪਣੀ ਚਾਹੁੰਦਾ ਸੀ।ਹੁਣ ਤਾਂ ਪ੍ਰਤੱਖ ਹੀ ਸੀ ਕਿ ਗਾਂਧੀ ਇਕ ਤਰ੍ਹਾਂ ਨਾਲ਼ ਅੰਗਰੇਜ਼ ਸਾਮਰਾਜ ਦੇ ਝੋਲੀ ਚੁੱਕਾਂ ਵਾਲ਼ੀ ਭੂਮਿਕਾ ਹੀ ਅਦਾ ਕਰ ਰਿਹਾ ਸੀ।ਉਸਨੇ ਕ੍ਰਾਂਤੀਕਾਰੀ ਐਕਸ਼ਨ ਦਾ ਵਿਰੋਧ ਕੀਤਾ ਜਦੋਂ ਸਾਂਡਰਸ ਦਾ ਕਤਲ ਕੀਤਾ ਗਿਆ।ਉਸ ਵਕਤ ਜਦੋਂ ਲੋਕ ਲਾਲਾ ਲਾਜਪਤ ਰਾਇ ਦੀ ਮੌਤ ਦਾ ਬਦਲਾ ਲਿਆ ਜਾਣ ਕਰਕੇ ਇਸ ਐਕਸ਼ਨ ਦੀ ਜੈ ਜੈ ਕਾਰ ਕਰ ਰਹੇ ਸਨ ਪਰ ਗਾਂਧੀ ਕਹਿ ਰਿਹਾ ਸੀ ਇਹ ਅੱਤਵਾਦੀਆਂ ਦਾ ਐਕਸ਼ਨ ਨਿੰਦਣਯੋਗ ਹੈ।ਜਦੋਂ ਲੋਕਾਂ ਜ਼ਾਲਮ ਅੰਗਰੇਜ਼ ਸਾਮਰਾਜ ਦੇ ਵਿਰੁੱਧ ਜਹਾਦ ਛੇੜਦਿਆਂ ਚੌਰਾ ਚੋਰੀ ਵਿਖੇ ਥਾਣੇ ਨੂੰ ਅੱਗ ਲਾ ਕੇ ਪੁਲਿਸ ਵਾਲ਼ਿਆਂ ਨੂੰ ਜਿਉਂਦੇ ਸਾੜ ਦਿੱਤਾ ਤਾਂ ਉਸਨੇ ਨਾ-ਮਿਲਵਰਤਣ ਅੰਦੋਲਨ ਵਾਪਸ ਲੈ ਕੇ ਆਜ਼ਾਦੀ ਦੇ ਅੰਦੋਲਨ ਦੀ ਪਿੱਠ ਵਿਚ ਛੁਰਾ ਮਾਰ ਦਿੱਤਾ।ਹੋਰ ਥਾਂਵਾਂ 'ਤੇ ਵੀ ਜਦ ਵੀ ਲੋਕ ਜਥੇਬੰਦ ਹੁੰਦੇ ਦਿਸਦੇ ਸਨ ਤਾ ਗਾਂਧੀ ਆਪਣਾ ਅੰਦੋਲਨ ਵਾਪਸ ਲੈ ਲੈਂਦਾ ਸੀ।ਭਾਰਤ ਦੇ ਕੁੱਲ ਲੋਕ ਭਗਤ ਸਿੰਘ ਹੁਰਾਂ ਦੀਆਂ ਜਾਨਾਂ ਬਚਾਉਣ ਦੇ ਇੱਛੁਕ ਸਨ ਪਰ ਗਾਂਧੀ ਸੀ ਜੋ ਇਸ ਗੱਲ ਵੱਲ ਕੋਈ ਧਿਆਨ ਹੀ ਨਹੀਂ ਸੀ ਕਰ ਰਿਹਾ।

ਦੂਰਗਾ ਭਾਬੀ ਇਹ ਚੰਗੀ ਤਰ੍ਹਾਂ ਸਮਝਦੇ ਸਨ ਕਿ ਦੇਰ ਸਵੇਰ ਭਗਤ ਸਿੰਘ ਹੁਰਾਂ ਨੂੰ ਫਾਂਸੀ ਦੇ ਦਿੱਤਾ ਜਾਵੇਗਾ।ਉਨ੍ਹਾਂ ਨੇ ਇਕ ਮੁਲਾਕਾਤ ਵਿਚ ਕਿਹਾ ਕਿ ਉਸਨੂੰ ਭਗਤ ਸਿੰਘ ਦੇ ਫਾਂਸੀ ਚੜ੍ਹਨ ਦਾ ਕੋਈ ਅਫ਼ਸੋਸ ਨਹੀਂ।ਉਹ ਪੈਦਾ ਹੀ ਫਾਂਸੀ ਚੜ੍ਹਨ ਲਈ ਹੋਇਆ ਸੀ।ਇਸ ਦਾ ਉਨ੍ਹਾਂ ਨੂੰ ਚੰਗੀ ਤਰ੍ਹਾਂ ਅਹਿਸਾਸ ਸੀ ਕਿ ਉਹ ਵੀ

ਨਾ ਜਾਣੇ ਕਦ ਕਿਸੇ ਪੁਲਸੀਏ ਦੀ ਗੋਲ਼ੀ ਦਾ ਸ਼ਿਕਾਰ ਹੋ ਜਾਵੇ ਜਾਂ ਗ੍ਰਿਫ਼ਤਾਰ ਹੋ ਜਾਵੇ ਤੇ ਪੁਲਿਸ ਬੁੱਚੜਖ਼ਾਨੇ ਵਿਚ ਦਿੱਤੇ ਗਏ ਤਸੀਹਿਆਂ ਨਾਲ ਅਪੰਗ ਹੋ ਜਾਵੇ।

ਦਿਲੀ ਵਿਚ ਰਹਿੰਦਿਆਂ ਉਨ੍ਹਾਂ ਨੇ ਚੰਦਰ ਸ਼ੇਖਰ ਆਜ਼ਾਦ ਹੁਰਾਂ ਨੂੰ ਸੁਨੇਹਾ ਭੇਜਿਆ ਕਿ ਸਾਨੂੰ ਕੁੱਝ ਕਰਨਾ ਚਾਹੀਦਾ ਹੈ।ਬੰਬਈ ਜਾ ਕੇ ਚੰਦਰ ਸ਼ੇਖਰ ਆਜ਼ਾਦ ਨੇ ਉਨ੍ਹਾਂ ਵਾਸਤੇ ਬਾਬਾ ਪ੍ਰਿਥਵੀ ਸਿੰਘ ਆਜ਼ਾਦ ਪਾਸੋਂ ਬੰਬ ਲੈ ਕੇ ਭੇਜ ਦਿੱਤਾ।ਬਾਬਾ ਜੀ ਗਦਰ ਪਾਰਟੀ ਦੇ ਆਗੂ ਸਨ।ਦੁਰਗਾ ਭਾਬੀ ਹੁਰਾਂ ਨੇ ਕੁੱਝ ਸਾਥੀਆਂ ਨੂੰ ਨਾਲ ਲੈ ਕੇ ਸਕੀਮ ਬਣਾਈ ਕਿ ਲਾਰਡ ਹੇਲੀ ਨੂੰ ਖ਼ਤਮ ਕੀਤਾ ਜਾਵੇ।ਉਹ ਪਹਿਲਾਂ ਪੰਜਾਬ ਦਾ ਗਵਰਨਰ ਰਹਿ ਚੁੱਕਾ ਸੀ।ਬਹੁਤ ਜ਼ਾਲਮ ਸੀ।ਉਸ ਦੇ ਹੁਕਮਾਂ ਨਾਲ ਪੰਜਾਬੀਆਂ ਉਪਰ ਉਸ ਨੇ ਬਹੁਤ ਜ਼ੁਲਮ ਢਾਹੇ ਗਏ ਸਨ।ਇਸ ਐਕਸ਼ਨ ਰਾਹੀਂ ਉਹ ਇਹ ਪ੍ਰਚਾਰ ਕਰਨਾ ਚਾਹੁੰਦੇ ਸਨ ਕਿ ਕ੍ਰਾਂਤੀਕਾਰੀ ਸੁੱਤੇ ਹੋਏ ਨਹੀਂ, ਦੇਸ਼ ਦੀ ਆਜ਼ਾਦੀ ਲਈ ਉਨ੍ਹਾਂ ਦਾ ਘੋਲ ਬਰਾਬਰ ਜਾਰੀ ਹੈ।ਲਾਰਡ ਹੇਲੀ ਮਾਲਾਵਾਰ ਪਹਾੜੀ 'ਤੇ ਇਕ ਬੰਗਲੇ ਵਿਚ ਰਹਿ ਰਿਹਾ ਸੀ।ਇਸ ਸਕੀਮ ਅਨੁਸਾਰ ਦੁਰਗਾ ਭਾਬੀ ਨੇ ਇਕ ਪਾਰਸੀ ਔਰਤ ਦੇ ਰੂਪ ਵਿਚ ਬੰਗਲੇ ਵਿਚ ਜਾਣਾ ਸੀ ਤੇ ਆਪਣਾ ਕਾਰਡ ਪੇਸ਼ ਕਰਨਾ ਸੀ।ਜਿਉਂ ਹੀ ਲਾਰਡ ਹੇਲੀ ਨੇ (ਵਿਜ਼ਟਿੰਗ ਕਾਰਡ) ਦੇਖਣ ਲੱਗਣਾ ਸੀ ਤਾਂ ਦੋ ਆਦਮੀਆਂ ਨੇ ਉਸਨੂੰ ਗੋਲੀ ਮਾਰ ਦੇਣੀ ਸੀ।ਇਸ ਐਕਸ਼ਨ ਦੀਆਂ ਚੰਗੀ ਤਰ੍ਹਾਂ ਰਿਹਰਸਲਾਂ ਹੁੰਦੀਆਂ ਰਹੀਆਂ।ਕਿਉਂਕਿ ਜਦੋਂ ਵੀ ਕੋਈ ਐਕਸ਼ਨ ਕਰਨਾ ਹੁੰਦਾ ਸੀ ਪੂਰੇ ਦਾ ਪੂਰਾ ਨਾਟਕ ਪਹਿਲਾਂ ਹੀ ਕਰਨਾ ਹੁੰਦਾ ਸੀ।ਸੋ ਪੂਰੀ ਤਿਆਰੀ ਕਰ ਲਈ ਗਈ।ਦੁਰਗਾ ਜੀ ਦੇ ਦੱਸਣ ਅਨੁਸਾਰ ਐਕਸ਼ਨ ਵਿਚ ਭਾਗ ਲੈਣ ਵਾਲੇ ਬੰਦੇ ਕੁੱਝ ਕੱਚੇ ਨਿਕਲੇ।ਉਹ ਕੁੱਝ ਅਜਿਹਾ ਕਰ ਬੈਠੇ ਕਿ ਪੁਲਿਸ ਨੂੰ ਪਹਿਲਾਂ ਹੀ ਸ਼ੱਕ ਪੈ ਗਿਆ।ਸਾਰੀ ਯੋਜਨਾ ਧਰੀ ਧਰਾਈ ਰਹਿ ਗਈ।ਸਾਰੇ ਪਾਸੇ ਪੁਲਿਸ ਦਾ ਹੀ ਬੋਲ-ਬਾਲਾ ਸੀ।ਕੋਈ ਵੀ ਗੱਡੀ ਉਧਰ ਜਾਂਦੀ ਜਾਂ ਉਧਰੋਂ ਆਉਂਦੀ ਸੀ ਤਾਂ ਉਸ ਦੀ ਪੂਰੀ ਤਰ੍ਹਾਂ ਛਾਣ-ਬੀਣ ਕੀਤੀ ਜਾ ਰਹੀ ਸੀ।ਹੇਲੀ ਤੱਕ ਪਹੁੰਚਣਾ ਤਾਂ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਸੀ।ਇਹ ਕ੍ਰਾਂਤੀਕਾਰੀ ਵੀ ਬਗੈਰ ਕੁੱਝ ਕੀਤੇ ਦੇ ਵਾਪਸ ਨਹੀਂ ਸਨ ਪਰਤਣਾ ਚਾਹੁੰਦੇ।ਇੰਨੇ ਨੂੰ ਰਾਤ ਦੇ ਗਿਆਰਾਂ ਕੁ ਵਜੇ ਮਾਲਾਵਾਰ ਪਹਾੜੀ ਵਾਲੇ ਪਾਸਿਉਂ ਇਕ ਗੱਡੀ ਆਈ ਜੋ ਸਿਨੇਮੇ ਦੇ ਕੋਲ ਆ ਕੇ ਰੁਕ ਗਈ।ਜੋ ਬੰਦੇ ਗੱਡੀ ਵਿਚੋਂ ਬਾਹਰ ਆਏ ਸਭ ਦੇ ਹੀ ਤਗਮੇ ਬਗੈਰਾ ਲੱਗੇ ਹੋਏ ਸਨ।ਸਾਰੇ ਹੀ ਪੁਲਿਸ ਅਫ਼ਸਰ ਹੀ ਲਗਦੇ ਸਨ।ਬਾਬਾ ਪ੍ਰਿਥਵੀ ਸਿੰਘ ਆਜ਼ਾਦ ਕਹਿਣ ਲੱਗੇ ਕਿ ਹੁਣ ਖਾਲੀ ਨਹੀਂ ਮੁੜਨਾ ਕੁੱਛ ਕਰਕੇ ਹੀ ਜਾਣਾ ਹੈ।ਬਾਬਾ ਜੀ ਨੇ ਸ਼ੂਟ ਕਰਨ ਦਾ ਹੁਕਮ ਦੇ ਦਿੱਤਾ।ਉਨ੍ਹਾਂ ਨੇ ਇਕ ਦਮ ਗੋਲੀ ਚਲਾ ਦਿੱਤੀ।ਇਕ ਦਮ ਹੀ ਗੱਡੀ ਵਿਚੋਂ ਇਕ ਸਾਰਜੰਟ ਬਾਹਰ ਨਿਕਲਿਆ ਜਿਸ ਦੇ ਗੁੱਟ 'ਤੇ ਗੋਲ਼ ਲੱਗੀ ਸੀ।ਗੱਡੀ ਦਾ ਇਕ ਟਾਇਰ ਪੈਂਚਰ ਹੋ ਗਿਆ।ਬਗੈਰ ਕੋਈ ਵੱਡੀ ਪ੍ਰਾਪਤੀ ਦੇ ਇਹ ਐਕਸ਼ਨ ਇਕ ਤਰ੍ਹਾਂ ਅਸਫ਼ਲ ਹੀ ਹੋਇਆ।ਉਥੋਂ ਇਹ ਜਣੇ ਹਨੇਰੇ ਦਾ ਫ਼ਾਇਦਾ ਉਠਾ ਕੇ ਭੱਜ ਗਏ।ਉਸ ਐਕਸ਼ਨ ਤੋਂ ਬਾਅਦ ਉਨ੍ਹਾਂ ਨੇ ਲੇਮਿੰਗਟਨ ਪੁਲਿਸ ਸਟੇਸ਼ਨ 'ਤੇ ਹਮਲਾ ਕਰਕੇ ਚਾਰ ਪੁਲਿਸ ਵਾਲਿਆਂ ਨੂੰ ਗੋਲੀਆਂ ਨਾਲ ਉਡਾ ਦਿੱਤਾ।ਪਲਿਸ ਵਾਲੇ ਇਹੋ ਆਖਦੇ ਫਿਰਨ ਕਿ ਇਕ ਵਾਲਾਂ ਵਾਲੇ ਲੜਕੇ ਨੇ ਗੋਲੀਆਂ ਚਲਾਈਆਂ ਸਨ।ਦੁਰਗਾ ਭਾਬੀ ਨੂੰ ਉਹ



ਮੁੰਡਾ ਹੀ ਸਮਝ ਬੈਠੇ ਸਨ।

ਉਨ੍ਹੀ ਦਿਨੀ ਦੁਰਗਾ ਭਾਬੀ ਦਾ ਨਾਂ ਸ਼ਾਰਧਾ ਭੈਣ ਰਖਿਆ ਹੋਇਆ ਸੀ।ਗੁਪਤ ਵਾਸ ਵਿਚ ਰਹਿ ਕੇ ਕੰਮ ਕਰਨ ਦਾ ਉਨ੍ਹਾਂ ਨੂੰ ਚੰਗਾ ਅਭਿਆਸ ਹੋ ਚੁੱਕਾ ਸੀ।ਕੰਮ ਕਰਨ ਦੀ ਚੰਗੀ ਜਾਚ ਆ ਗਈ ਸੀ।ਦੁਰਗਾ ਭਾਬੀ ਦੇ ਦੱਸਣ ਅਨੁਸਾਰ ਉਥੋਂ ਨਿਕਲਣਾ ਬਹੁਤ ਔਖਾ ਸੀ ਪਰ ਉਨ੍ਹਾਂ ਨੇ ਤੁਰੰਤ ਹੀ ਉਥੋਂ ਇਕ ਟੈਕਸੀ ਕਰਾਈ ਤੇ ਉਥੋਂ ਨਿਕਲ ਗਏ।ਫਿਰ ਰੇਲ ਰਾਹੀਂ ਕਾਨ੍ਹਪੁਰ ਆ ਗਏ।ਇਸ ਐਕਸ਼ਨ ਬਾਰੇ ਚੰਦਰ ਸ਼ੇਖਰ ਹੁਰਾਂ ਨੂੰ ਸਾਰੀ ਹਕੀਕਤ ਬਿਆਨ ਕੀਤੀ।ਕਿਉਂਕਿ ਉਹੀ ਸਭ ਐਕਸ਼ਨਾਂ ਦੇ ਕਮਾਂਡਰ ਸਨ।ਸਾਰੀਆਂ ਇਨਕਲਾਬੀ ਗਤੀਵਿਧੀਆਂ ਉਨ੍ਹਾਂ ਦੀ ਹੀ ਅਗਵਾਈ ਵਿਚ ਚਲਦੀਆਂ ਸਨ।ਉਸ ਤੋਂ ਉਪਰੰਤ ਉਹ ਅਲਾਹਾਬਾਦ ਚਲੇ ਗਏ।ਦੁਰਗਾ ਭਾਬੀ ਨਹੀਂ ਸੀ ਚਾਹੁੰਦੇ ਕਿ ਪੁਲਿਸ ਉਨ੍ਹਾਂ ਨੂੰ ਫੜ ਕੇ ਜੇਲ੍ਹ ਭੇਜ ਦੇਵੇ।ਉਹ ਤਾਂ ਬੱਸ ਇਸੇ ਤਰ੍ਹਾਂ ਇਨਕਲਾਬ ਦੀ ਖ਼ਾਤਰ ਜੂਝ ਕੇ ਸ਼ਹੀਦ ਹੋਣ ਨੂੰ ਹੀ ਤਰਜੀਹ ਦਿੰਦੇ ਸਨ।ਕਮਾਲ ਦੀ ਗੱਲ ਤਾਂ ਇਹ ਸੀ ਉਨ੍ਹਾਂ ਆਪਣੇ ਬੇਟੇ ਸ਼ੱਚੀ ਬਾਰੇ ਵੀ ਕੋਈ ਚਿੰਤਾ ਨਹੀਂ ਸੀ ਜੋ ਅਜੇ ਰੱਤੀ ਭਰ ਬਲੂਰ ਸੀ।ਦਿੱਲੀ ਅਤੇ ਕਾਨ੍ਹਪੁਰ ਦੀ ਪੁਲਿਸ ਨੇ ਉਨ੍ਹਾਂ ਨੂੰ ਕਈ ਵਾਰ ਘੇਰਨ ਦਾ ਯਤਨ ਕੀਤਾ ਪਰ ਉਹ ਹਰ ਵਾਰ ਅਛੂਤ ਨਿਕਲ ਜਾਂਦੇ ਰਹੇ।ਇਕ ਵਾਰ ਜਦੋਂ ਉਹ ਅਲਾਹਾਬਾਦ ਤੋਂ ਦਿੱਲੀ ਆ ਰਹੇ ਸਨ ਤਦ ਵੀ ਪੁਲਿਸ ਨੇ ਉਨ੍ਹਾਂ ਨੂੰ ਘੇਰਿਆ।ਪੁਲਿਸ ਉਨ੍ਹਾਂ ਦਾ ਲਗਾਤਾਰ ਪਿੱਛਾ ਕਰਦੀ ਆ ਰਹੀ ਸੀ ਪਰ ਉਹ ਹੱਥ ਨਹੀਂ ਸੀ ਆਉਂਦੇ ।ਦਿੱਲੀ ਵਿਚ ਕਦੇ ਟੈਕਸੀ ਜਾਂ ਟਾਂਗੇ 'ਤੇ ਕਿਤੇ ਜਾਣਾ ਹੁੰਦਾ ਤਾਂ ਬਹੁਤ ਔਖ ਆਉਂਦੀ।ਪੁਲਿਸ ਵਾਲੇ ਹਮੇਸ਼ਾ ਹੀ ਪਿੱਛੇ ਲੱਗੇ ਰਹਿੰਦੇਸਨ ਤੇ ਹਮੇਸ਼ਾ ਹੀ ਇਸ ਤਾਕ ਵਿਚ ਰਹਿੰਦੇ ਸਨ ਕਿ ਉਹ ਜਿਸ ਘਰ ਵਿਚ ਵੀ ਜਾਂਦੇ ਹਨ ਸ਼ਾਇਦ ਉਹ ਕ੍ਰਾਂਤੀਕਾਰੀਆਂ ਦਾ ਅੱਡਾ ਹੋਵੇ।ਉਥੋਂ ਸ਼ਾਇਦ ਉਨ੍ਹਾਂ ਨੂੰ ਬਹੁਤ ਵੱਡਾ ਹਾਸਲ ਹੋ ਸਕੇ ਜੋ ਉਨ੍ਹਾਂ ਨੂੰ ਤਰੱਕੀਆਂ ਅਤੇ ਮਾਣ-ਸਨਮਾਨ ਅਤੇ ਇਨਾਮ ਦਿਵਾ ਸਕੇ।ਉਨ੍ਹਾਂ ਨੇ ਸ਼ੱਚੀ ਨੂੰ ਵੀਰ ਸਾਵਰਕਰ (ਗਦਰ ਪਾਰਟੀ ਵਿਚ ਕੰਮ ਕਰਦਿਆਂ ਅੰਡੇਮਾਨ ਦੀ ਸੈਲੂਲਰ ਜੇਲ੍ਹ ਦੇ ਤਸੀਹੇ ਸਹਿੰਦਿਆਂ ਮੁਆਫ਼ੀ ਮੰਗ ਚੁੱਕੇ)ਦੇ ਹਵਾਲੇ ਕਰ ਦਿੱਤਾ ਇਹ ਕਹਿ ਕੇ ਕਿ ਕਿਸੇ ਕੰਮ ਚਲੇ ਹਾਂ।ਜੇ ਤਾਂ ਜਿਉਂਦੇ ਵਾਪਸ ਆ ਗਏ ਤਾਂ ਬੱਚੇ ਨੂੰ ਲੈ ਲਵਾਂਗੇ ਜੇ ਮਰ ਗਏ ਤਾਂ ਬੱਚਾ ਇਸ ਪਤੇ 'ਤੇ ਭੇਜ ਦੇਣਾ।ਦੁਰਗਾ ਜੀ ਨੇ ਵੀਰ ਸਾਵਰਕਰ ਨੂੰ ਇਕ ਥਾਂ ਦਾ ਪਤਾ ਲਿਖ ਕੇ ਦੇ ਦਿੱਤਾ।

23 ਮਾਰਚ 1931 ਨੂੰ ਸ਼ਾਮ ਦੇ ਸੱਤ ਵੱਜ ਕੇ ਪੰਤਾਲੀ ਮਿੰਟ 'ਤੇ ਭਗਤ ਸਿੰਘ,ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦੇ ਦਿੱਤਾ ਗਿਆ ਸੀ।ਭਗਵਤੀ ਚਰਨ ਬੰਬ ਫਟਣ ਨਾਲ ਸ਼ਹੀਦੀ ਪ੍ਰਾਪਤ ਕਰ ਗਏ ਸਨ।ਉਸੇ ਸਾਲ ਚੰਦਰ ਸ਼ੇਖਰ ਆਜ਼ਾਦ ਵੀ ਅਲਾਹਾਬਾਦ ਦੇ ਐਲਫਰੈਡ ਪਾਰਕ ਵਿਚ ਪੁਲਿਸ ਨਾਲ ਲੋਹਾ ਲੈਂਦੇ 27 ਫਰਵਰੀ, 1931 ਨੂੰ ਸ਼ਹੀਦੀ ਦੇ ਜਾਮ ਪੀ ਗਏ ਸਨ।ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਜਿਸ ਤਰ੍ਹਾਂ ਕ੍ਰਾਂਤੀ ਦੀਆਂ ਯੋਜਨਾਵਾਂ ਨੂੰ ਸਰਅੰਜਾਮ ਦਿੱਤਾ ਇਹ ਆਪਣੇ ਆਪ ਵਿਚ ਇਕ ਇਤਿਹਾਸ ਹੈ।ਉਨ੍ਹਾਂ ਨੇ ਆਪਣਾ ਪ੍ਰਣ ਬਾ-ਖ਼ੂਬੀ ਨਿਭਾਇਆ ਜੋ ਉਹ ਆਮ ਤੌਰ 'ਤੇ ਹੀ ਕਿਹਾ ਕਰਦੇ ਸਨ-''ਆਜ਼ਾਦ ਹੈਂ ਆਜ਼ਾਦ ਹੀ ਰਹੇਂਗੇ।''ਉਨ੍ਹਾਂ ਨੇ ਪ੍ਰਣ ਕੀਤਾ ਹੋਇਆ ਸੀ ਕਿ

ਪੁਲਿਸ ਦੀ ਹੱਥ ਕੜੀ ਲਗਵਾ ਕੇ ਬਾਂਦਰ ਵਾਲੀ ਹਾਲਤ ਉਹ ਨਹੀਂ ਬਣਨ ਦੇਣਗੇ।ਉਨ੍ਹਾਂ ਦੇ ਮੌਜ਼ਰ ਵਿਚ ਨੌ ਗੋਲ਼ੀਆਂ ਹੁੰਦੀਆਂ ਸਨ ਤੇ ਉਹ ਕਹਿੰਦੇ ਸਨ ਇਨ੍ਹਾਂ ਵਿਚੋਂ ਅੱਠ ਗੋਲ਼ੀਆਂ ਪੁਲਿਸੀਆਂ 'ਤੇ ਵਰ੍ਹਨਗੀਆਂ ਤੇ ਨੌਵੀਂ ਗੋਲ਼ੀ (ਉਹ ਆਪਣੀ ਪੁੜਪੁੜੀ 'ਤੇ ਹੱਥ ਰੱਖ ਕੇ ਕਹਿੰਦੇ ਸਨ) ਇਥੇ ਪੁੜਪੁੜੀ ਵਿਚ।''ਤੇ ਦੁਰਗਾ ਭਾਬੀ ਇਹੋ ਜਿਹੇ ਕ੍ਰਾਂਤੀਕਾਰੀਆਂ ਦੀ ਹਮਰਾਹੀ ਸੀ।

ਇੰਨੀ ਕੁ ਗੱਲ ਤਾਂ ਪਹਿਲਾਂ ਵੀ ਹੁੰਦੀ ਹੀ ਰਹਿੰਦੀ ਸੀ ਕਿ ਕਦੇ ਕ੍ਰਾਂਕਾਰੀ ਗਤੀਵਿਧੀਆਂ ਬਹੁਤ ਤੇਜ਼ੀ ਫੜ ਲੈਂਦੀਆਂ ਤੇ ਕਦੇ ਮੱਧਮ ਪੈ ਜਾਂਦੀਆਂ ਸਨ ਪਰ ਹੁਣ ਤਾਂ ਸਭ ਕੁੱਝ ਜਿਵੇਂ ਚੌੜ-ਚੁਪੱਟ ਹੀ ਹੋ ਗਿਆ ਸੀ।ਸਾਰੀਆਂ ਗਤੀਵਿਧੀਆਂ ਠੱਪ ਹੀ ਸਨ।ਬੱਸ ਇਕ ਤਰ੍ਹਾਂ ਨਾਲ ਲੁਕ ਛੁਪ ਕੇ ਮੁੜ ਪਾਰਟੀ ਗਠਨ ਕਰਨ ਦੇ ਯਤਨ ਹੀ ਹੋ ਰਹੇ ਸਨ ਪਰ ਬਣ ਕੁੱਝ ਵੀ ਨਹੀਂ ਸੀ ਰਿਹਾ।ਬਹੁਤ ਕੁੱਝ ਬਹੁਤ ਜਲਦੀ ਜਲਦੀ ਵਾਪਰ ਰਿਹਾ ਸੀ।ਕੋਈ ਵੀ ਅਜਿਹਾ ਕੇਂਦਰ ਨਹੀਂ ਸੀ ਜਿਥੋਂ ਸਾਰਿਆਂ ਸੂਤਰਾਂ ਨੂੰ ਇਕ ਕੜੀ ਵਿਚ ਪਰੋਇਆ ਜਾ ਸਕਦਾ।ਬੱਸ ਹੁਣ ਤਾਂ ਕਿਤੇ ਕੋਈ ਟਿਕਾਣਾ ਲੱਭਣ ਦੀ ਹੀ ਮਜਬੂਰੀ ਬਣੀ ਹੋਈ ਸੀ।ਸ਼ੱਚੀ ਦੀ ਬਹੁਤ ਮੁਸ਼ਕਿਲ ਬਣੀ ਹੋਈ ਸੀ।ਉਸ ਨੂੰ ਨਾਲ ਰੱਖ ਕੇ ਤਾਂ ਕੁੱਝ ਵੀ ਨਹੀਂ ਸੀ ਹੋ ਰਿਹਾ।ਉਸ ਨੂੰ ਡਲਹੌਜ਼ੀ ਭੇਜ ਦਿੱਤਾ ਗਿਆ ਸੀ।ਲਾਹੌਰ ਰਹਿੰਦਿਆਂ ਉਨ੍ਹਾਂ ਦੇ ਵਾਕਫ਼ ਡਾ. ਮੇਲਾ ਰਾਮ ਸਿਵਲ ਸਰਜਨ ਸਨ।ਉਹ ਉਨ੍ਹਾਂ ਦੇ ਚੰਗੇ ਹਮਦਰਦ ਸਨ।ਸ਼ੱਚੀ ਦਾ ਉਹੀ ਸਹਾਰਾ ਬਣੇ।ਉਨ੍ਹਾਂ ਦੇ ਕੋਈ ਬੱਚਾ ਨਹੀਂ ਸੀ।ਉਨ੍ਹਾਂ ਨੂੰ ਬੱਚਾ ਇਸ ਸ਼ਰਤ ਉਪਰ ਦੇ ਦਿੱਤਾ ਗਿਆ ਕਿ ਜੇ ਤਾਂ ਮਰ ਗਏ ਤਾਂ ਬੱਚਾ ਉਨ੍ਹਾਂ ਦਾ ਨਹੀਂ ਤਾਂ ਵਾਪਸ ਆ ਕੇ ਬੱਚਾ ਲੈ ਲਿਆ ਜਾਵੇਗਾ।ਪਾਠਕ ਸੋਚੇ ਕਿ ਜਿਸ ਬੱਚੇ ਦਾ ਬਾਪ ਉਸ ਦੀ ਸੁਰਤ ਸੰਭਾਲਣ ਤੋਂ ਪਹਿਲਾਂ ਹੀ ਅੱਖਾਂ ਤੋਂ ਓਝਲ ਹੋ ਗਿਆ ਹੋਵੇ ਤੇ ਮਾਂ ਵੀ ਦਰ ਦਰ ਰੁਲਦਿਆਂ ਵਾਂਗ ਇਕ ਮਿਸ਼ਨ ਦੀ ਖ਼ਾਤਰ ਭਟਕ ਰਹੀ, ਉਸ ਦੇ ਦਰਦ ਨੂੰ ਕੋਈ ਗਾਂਧੀਵਾਦੀਆ ਕਿਵੇਂ ਮਹਿਸੂਸ ਕਰ ਸਕਦਾ ਸੀ।ਮਸਲਾ ਤਾ ਸਿਰਫ਼ ਇਹ ਸੀ ਕਿ ਸ਼ੱਚੀ ਦੀ ਪਾਲਣਾ ਠੀਕ ਢੰਗ ਨਾਲ ਹੋ ਸਕੇ।ਦੁਰਗਾ ਭਾਬੀ ਨੇ ਬਹੁਤ ਹੀ ਭਾਵਕ ਹੋ ਕੇ ਦੱਸਿਆ ਕਿ ਉਸ ਵਕਤ ਕੁੱਝ ਵੀ ਤਾਂ ਸਮਝ ਨਹੀਂ ਸੀ ਆ ਰਿਹਾ ਕਿ ਕੀ ਕੀਤਾ ਜਾਵੇ।ਹੋਰ ਕੋਈ ਚਾਰਾ ਹੀ ਨਹੀਂ ਸੀ।ਪੁਲਿਸ ਕੁੱਝ ਕਰਨ ਹੀ ਨਹੀਂ ਸੀ ਦੇ ਰਹੀ।ਹਰ ਵੇਲ਼ੇ ਪਿੱਛੇ ਪਈ ਰਹਿੰਦੀ ਸੀ ਕਿ ਉਹ ਕਿਸੇ ਨੂੰ ਮਿਲੇ ਤੇ ਪੁਲਿਸ ਮੌਕਾ ਪਾ ਕੇ ਕਿਸੇ ਨੂੰ ਜਾ ਦਬੋਚਣ।ਭਾਬੀ ਕਿਸੇ ਨੂੰ ਤਾਂ ਇਸ ਤਰ੍ਹਾਂ ਫਸਾਵੇ।ਬੱਸ ਇਸੇ ਤਾਕ ਵਿਚ ਰਹਿੰਦੀ ਸੀ ਪੁਲਿਸ।ਇਹੋ ਜਿਹੇ ਹਾਲਾਤ ਵਿਚ ਸ਼ੱਚੀ ਨੂੰ ਨਾਲ ਕਿਵੇਂ ਰੱਖਿਆ ਜਾ ਸਕਦਾ ਸੀ।

ਲਾਹੌਰ ਆ ਕੇ ਉਨ੍ਹਾਂ ਨੇ ਪਹਿਲਾ ਕੰਮ ਹੀ ਪ੍ਰੈਸ ਨੂੰ ਬਿਆਨ ਦੇਣ ਦਾ ਕੀਤਾ।ਉਹ ਸਿੱਧੇ ਤ੍ਰਿਪਤੀ ਪ੍ਰੈਸ ਆਫ਼ ਇੰਡੀਆ ਦੇ ਦਫ਼ਤਰ ਗਏ ਤੇ ਬਿਆਨ ਦਿੱਤਾ ਕਿ ਪੁਲਿਸ ਵਾਲਿਆਂ ਨੇ ਉਨ੍ਹਾਂ ਦਾ ਜੀਣਾ ਹੀ ਦੁਸ਼ਵਾਰ ਕੀਤਾ ਹੋਇਆ ਹੈ।ਹਰ ਵਕਤ ਪਿੱਛਾ ਕਰਦੇ ਰਹਿੰਦੇ ਹਨ ਨਾ ਗ੍ਰਿਫ਼ਤਾਰ ਹੀ ਕਰਦੇ ਹਨ ਤੇ ਹੀ ਮਗਰੋਂ ਲਹਿੰਦੇ ਹਨ।ਮੈਂ ਆਪਣੇ ਘਰ ਜਾ ਰਹੀ ਹਾਂ, ਇਨ੍ਹਾਂ ਨੇ ਜੋ ਕਰਨਾ ਹੈ ਕਰਨ।ਜੇ ਮੈਨੂੰ ਗ੍ਰਿਫ਼ਤਾਰ ਹੀ ਕਰਨਾ ਹੈ ਤਾਂ ਕਰ ਲੈਣ।ਦੁਰਗਾ ਜੀ ਨੇ ਦੱਸਿਆ ਕਿ ਉਹ ਕੋਈ ਦਸ ਗਿਆਰਾਂ ਵਜੇ



ਘਰ ਪਹੁੰਚੇ ਹੀ ਸਨ ਕਿ ਪੁਲਿਸ ਵਾਲਿਆਂ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ।ਪੁਲਿਸ ਇਉਂ ਆਈ ਜਿਵੇਂ ਕਿਸੇ ਡਾਕੂ ਨੂੰ ਫੜਨਾ ਹੋਵੇ।ਪੁਲਿਸ ਦੀਆਂ ਦੋ ਮੋਟਰਾਂ ਅਤੇ ਇਕ ਪੁਲਿਸ ਵਾਲੀ ਗੱਡੀ।ਬੰਦੂਕਾਂ ਉਪਰ ਸੰਗੀਨਾਂ ਚੜ੍ਹਾਈਆਂ ਹੋਈਆਂ।ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਕਿਲੇ ਵਿਚ ਲੈ ਗਏ।ਫਿਰ ਉਨ੍ਹਾਂ ਦਾ ਕੁੱਝ ਦਿਨਾਂ ਦਾ ਰਿਮਾਂਡ ਲੈ ਲਿਆ ਗਿਆ।ਬਾਅਦ ਵਿਚ ਰੈਗੂਲੇਸ਼ਨ ਐਕਟ ਅਧੀਨ ਨਜ਼ਰਬੰਦ ਕਰ ਦਿੱਤਾ ਗਿਆ।ਗ੍ਰਿਫ਼ਤਾਰੀ ਤੋਂ ਬਾਅਦ ਉਹ ਪੁਲਿਸ ਜਬਰ ਅੱਗੇ ਝੁਕੇ ਨਹੀਂ ਸਗੋਂ ਪੂਰੀ ਦਲੇਰੀ ਨਾਲ ਹਰ ਜਬਰ ਦਾ ਮੁਕਾਬਲਾ ਕਰਨ ਦੀ ਦ੍ਰਿੜਤਾ ਦਾ ਸਬੂਤ ਦਿੰਦਿਆਂ ਹਰ ਕੁਰਬਾਨੀ ਕਰਨ ਲਈ ਤੱਤਪਰ ਰਹੇ।ਜਦ ਦੁਰਗਾ ਭਾਬੀ ਨੂੰ ਜੇਲ੍ਹ ਭੇਜਿਆ ਗਿਆ ਤਾਂ ਜੇਲ੍ਹਰ ਉਨ੍ਹਾਂ ਨੂੰ ਵੇਖ ਕੇ ਹੈਰਾਨ ਹੀ ਰਹਿ ਗਿਆ ਕਿਉਂਕਿ ਉਹ ਤਾਂ ਸਮਝੀ ਬੈਠਾ ਸੀ ਕਿ ਜਿਸ ਔਰਤ ਨੇ ਸਰਕਾਰ ਨੂੰ ਇੰਨਾ ਵਖ਼ਤ ਪਾਇਆ ਹੋਇਆ ਹੈ ਉਹ ਪਤਾ ਨਹੀਂ ਕਿੰਨੀ ਕੁ ਜ਼ਬਰਦਸਤ ਹੋਵੇਗੀ ਤੇ ਉਸ ਨੂੰ ਜੇਲ੍ਹ ਵਿਚ ਕਾਬੂ ਵਿਚ ਰੱਖਣਾ ਪਤਾ ਨਹੀਂ ਕਿੰਨਾ ਕੁ ਮੁਸ਼ਕਿਲ ਹੋਵੇ ਗਾ ਪਰ ਉਹ ਤਾਂ ਬਹੁਤ ਹੀ ਦੁਬਲੇ ਪਤਲੇ ਅਤੇ ਕਮਜ਼ੋਰ ਜਿਹੇ ਸਨ।ਤਿੰਨ ਸਾਲ ਦੀ ਨਜ਼ਰਬੰਦੀ ਖ਼ਤਮ ਹੋਈ ਤਾਂ 1934 ਵਿਚ ਅਲਾਹਾਬਾਦ ਆ ਗਏ।ਵਕਤ
ਲੰਘਾਉਣ ਲਈ ਅਲਾਹਾਬਾਦ ਵਿਚ ਕਰਾਸਮਿਸ ਕਾਲਜ ਵਿਚ ਦਾਖ਼ਲ ਹੋ ਗਏ ਸਪੈਸ਼ਲ ਕਲਾਸ ਵਿਚ, ਤਾਂ ਜੋ ਹੋਸਟਲ ਵਿਚ ਰਹਿਣ ਲਈ ਜਗਾਹ ਮਿਲ ਸਕੇ।ਇਹ ਪੜ੍ਹਾਈ ਤਾਂ ਇਕ ਬਹਾਨਾ ਹੀ ਸੀ ਸਮਾਂ ਪਾਸ ਕਰਨ ਦਾ!ਇਸ ਦੇ ਬਾਵਜੂਦ ਉਹ ਆਪਣੇ ਆਪ ਨੂੰ ਬਹੁਤ ਹੀ ਸਹਿਜ ਰਖਦੇ ਹੋਇਆਂ ਜੀਵਨ ਜਿਉਂ ਰਹੇ ਸਨ।ਕਈ ਵਾਰ ਘਰ ਵਿਚ ਇਹੋ ਜਿਹੀ ਹਾਲਤ ਵੀ ਬਣ ਜਾਂਦੀ ਕਿ ਘਰ ਵਿਚ ਖਿਚੜੀ ਵਿਚ ਪਾਉਣ ਲਈ ਲੂਣ ਅਤੇ ਹਲਦੀ ਵੀ ਨਹੀਂ ਸੀ ਹੁੰਦੇ।ਇਸ ਦੇ ਬਾਵਜੂਦ ਉਨ੍ਹਾਂ ਨੇ ਆਪਣੀ ਇਸ ਥੁੜੋਂ ਦੀ ਕਿਸੇ ਪਾਸ ਸ਼ਿਕਾਇਤ ਤੱਕ ਨਹੀਂ ਨਹੀਂ ਕੀਤੀ ਤੇ ਨਾਂ ਕਿਸੇ ਔਕੜ ਅੱਗੇ ਹਾਰ ਹੀ ਮੰਨੀ ਸੀ।

ਜਦੋਂ ਕਦੇ ਚੰਦਰ ਸ਼ੇਖਰ ਆਜ਼ਾਦ ਉਨ੍ਹਾਂ ਦੇ ਕੋਲ ਹੁੰਦੇ ਸਨ ਤਾਂ ਆਮ ਤੌਰ 'ਤੇ ਹੀ ਦੁਰਗਾ ਤੋਂ ਬਾਅਦ ਰੋਟੀ ਖਾਇਆ ਕਰਦੇ ਸਨ ਕਿ ਕੀ ਪਤਾ ਉਨ੍ਹਾਂ ਜੋਗੀ ਬਚੀ ਵੀ ਹੈ ਕਿ ਨਹੀਂ।ਉਹ ਦੁਰਗਾ ਭਾਬੀ ਦਾ ਪੁੱਜ ਕੇ ਸਤਿਕਾਰ ਕਰਦੇ ਸਨ ਤੇ ਕਹਿੰਦੇ ਸਨ-''ਦੁਰਗਾ ਤੂੰ ਤਾਂ ਸਾਡੀ ਸਾਰਿਆਂ ਦੀ ਮਾਂ ਤੇ ਭੈਣ ਹੈਂ।ਤੂੰ ਪਾਰਟੀ ਲਈ ਆਪਣੀ ਸਭ ਤੋਂ ਪਿਆਰੀ ਚੀਜ਼ ਕੁਰਬਾਨ ਕਰ ਦਿੱਤੀ ਹੈ ਤੇ ਦੂਜੀ ਸਭ ਤੋਂ ਪਿਆਰੀ ਚੀਜ਼ ਸ਼ੱਚੀ ਥਾਂ ਥਾਂ ਰੁਲਦਾ ਫਿਰਦਾ ਹੈ।ਭੈਣ ਤੂੰ ਧੰਨ ਹੈਂ !ਅਸੀਂ ਸਭ ਤੇਰੇ ਦੇਣਦਾਰ ਹਾਂ ਤੇਰੇ ਵੱਲ ਆਪਣੇ ਫ਼ਰਜ਼ ਕਦੇ ਨਹੀਂ ਭੁੱਲਾਂਗੇ।ਤੇਰੀ ਖ਼ਾਤਰ ਕੁੱਝ ਕਰਨ ਵਿਚ ਅਸੀਂ ਮਾਣ ਮਹਿਸੂਸ ਕਰਦੇ ਹਾਂ।
ਦੁਰਗਾ ਭਾਬੀ ਕੁੱਝ ਸਮਾਂ ਅਲਾਹਾਬਾਦ ਵਿਚ ਬਾਬੂ ਪ੍ਰਸ਼ੋਤਮ ਦਾਸ ਟੰਡਨ ਦੇ ਘਰ ਰਹੇ।ਬਾਬੂ ਪ੍ਰਸ਼ੋਤਮ ਦਾਸ ਜੀ ਕਾਂਗਰਸ ਸਰਕਾਰ ਵਿਚ ਵਿਚ ਸਪੀਕਰ ਵੀ ਰਹਿ ਚੁੱਕੇ ਸਨ।ਉਨ੍ਹਾਂ ਨੇ ਦੁਰਗਾ ਭਾਬੀ ਨੂੰ ਇਹ ਕਹਿ ਕੇ ਆਪਣੇ ਕੋਲ ਪਨਾਹ ਦੇ ਦਿੱਤੀ ਕਿ ਉਹ ਉਸ ਦੀ ਬੱਚੀਆਂ ਸਮਾਨ ਹੀ ਤਾਂ ਹੈ।ਇਸ ਤਰ੍ਹਾਂ ਕੁੱਝ ਸਮਾਂ ਉਹ ਇਕ ਕਾਂਗਰਸੀ ਦੀ ਪਨਾਹਗੀਰੀ ਵਿਚ ਰਹਿ ਕੇ ਉਕਤਾ ਗਏ ਕਿਉਂ ਕਿ ਇਹ ਪਨਾਹਗੀਰੀ ਉਨ੍ਹਾਂ ਨੂੰ

ਰਾਸ ਨਹੀਂ ਸੀ ਆ ਰਹੀ,ਇਕ ਕ੍ਰਾਂਤੀਕਾਰੀ ਨੂੰ ਆ ਵੀ ਨਹੀਂ ਸੀ ਸਕਦੀ।ਫਿਰ ਉਹ ਉਸਦਾ ਘਰ ਛੱਡ ਕੇ ਦਿੱਲੀ ਆ ਗਏ।ਇਸ ਆਸ ਨਾਲ਼ ਕਿ ਕਿਵੇ ਨਾ ਕਿਵੇਂ ਦਿੱਲੀ ਵਿਚ ਕੁੱਝ ਹਮ-ਖ਼ਿਆਲ ਲੋਕਾਂ ਨਾਲ਼ ਤਾਲਮੇਲ ਹੋ ਸਕੇ।ਤਾਂ ਜੋ ਕੋਈ ਨਵਾਂ ਤਾਣਾ-ਬਾਣਾ ਉਸਾਰਿਆ ਜਾ ਸਕੇ।ਇਸ ਤਰ੍ਹਾਂ ਦੇ ਮਾਰੂਥਲਾਂ ਦੇ ਬਿਖੜੇ ਪੈਂਡਿਆਂ ਦੀ ਰਾਹੀ ਸਾਡੀ ਸਤਿਕਾਰ ਯੋਗ ਮਾਂ ਦੁਰਗਾ ਭਾਬੀ ਆਪਣੀਆਂ ਦੁਸ਼ਵਾਰੀਆਂ ਨਾਲ਼ ਪੂਰੀ ਸਿਦਕ ਦਿਲੀ ਨਾਲ਼ ਜੂਝਦੇ ਰਹੇ।

ਦੁਰਗਾ ਭਾਬੀ ਕੁੱਝ ਸਮਾਂ ਅਲਾਹਾਬਾਦ ਵਿਚ ਬਾਬੂ ਪ੍ਰਸ਼ੋਤਮ ਦਾਸ ਟੰਡਨ ਦੇ ਘਰ ਰਹੇ।ਬਾਬੂ ਪ੍ਰਸ਼ੋਤਮ ਦਾਸ ਜੀ ਕਾਂਗਰਸ ਸਰਕਾਰ ਵਿਚ ਵਿਚ ਸਪੀਕਰ ਵੀ ਰਹਿ ਚੁੱਕੇ ਸਨ।ਉਨ੍ਹਾਂ ਨੇ ਦੁਰਗਾ ਭਾਬੀ ਨੂੰ ਇਹ ਕਹਿ ਕੇ ਆਪਣੇ ਕੋਲ਼ ਪਨਾਹ ਦੇ ਦਿੱਤੀ ਕਿ ਉਹ ਉਸ ਦੀ ਬੱਚੀਆਂ ਸਮਾਨ ਹੀ ਤਾਂ ਹੈ।ਇਸ ਤਰ੍ਹਾਂ ਕੁੱਝ ਸਮਾਂ ਉਹ ਇਕ ਕਾਂਗਰਸੀ ਦੀ ਪਨਾਹਗੀਰੀ ਵਿਚ ਰਹਿ ਕੇ ਉਕਤਾ ਗਏ ਕਿਉਂ ਕਿ ਇਹ ਪਨਾਹਗੀਰੀ ਉਨ੍ਹਾਂ ਨੂੰ ਰਾਸ ਨਹੀਂ ਸੀ ਆ ਰਹੀ,ਇਕ ਕ੍ਰਾਂਤੀਕਾਰੀ ਨੂੰ ਆ ਵੀ ਨਹੀਂ ਸੀ ਸਕਦੀ।ਫਿਰ ਉਹ ਉਸਦਾ ਘਰ ਛੱਡ ਕੇ ਦਿੱਲੀ ਆ ਗਏ।ਇਸ ਆਸ ਨਾਲ਼ ਕਿ ਕਿਵੇ ਨਾ ਕਿਵੇਂ ਦਿੱਲੀ ਵਿਚ ਕੁੱਝ ਹਮ-ਖ਼ਿਆਲ ਲੋਕਾਂ ਨਾਲ਼ ਤਾਲਮੇਲ ਹੋ ਸਕੇ।ਤਾਂ ਜੋ ਕੋਈ ਨਵਾਂ ਤਾਣਾ-ਬਾਣਾ ਉਸਾਰਿਆ ਜਾ ਸਕੇ।ਇਸ ਤਰ੍ਹਾਂ ਦੇ ਮਾਰੂਥਲਾਂ ਦੇ ਬਿਖੜੇ ਪੈਂਡਿਆਂ ਦੀ ਰਾਹੀ ਸਾਡੀ ਸਤਿਕਾਰ ਯੋਗ ਮਾਂ ਦੁਰਗਾ ਭਾਬੀ ਆਪਣੀਆਂ ਦੁਸ਼ਵਾਰੀਆਂ ਨਾਲ਼ ਪੂਰੀ ਸਿਦਕ ਦਿਲੀ ਨਾਲ਼ ਜੂਝਦੇ ਰਹੇ।

ਦੁਰਗਾ ਭਾਬੀ ਦੇ ਦੱਸਣ ਅਨੁਸਾਰ ਵੋਹਰਾ ਪਰਿਵਾਰ ਦੇ ਭਗਤ ਸਿੰਘ ਦੇ ਪਰਿਵਾਰ ਨਾਲ਼ ਬਹੁਤ ਹੀ ਡੂੰਘੇ ਅਤੇ ਗੂੜ੍ਹੇ ਸੰਬੰਧ ਸਨ।ਉਨ੍ਹਾਂ ਦਾ ਇਕ ਦੂਜੇ ਦੇ ਘਰ ਆਮ ਆਉਣ ਜਾਣ ਸੀ।ਕੋਈ ਵੀ ਜਿਵੇਂ ਕਿਸੇ ਲਈ ਓਪਰਾ ਨਹੀਂ ਸੀ।ਸ੍ਰ. ਕਿਸ਼ਨ ਸਿੰਘ ਦੇ ਪਰਿਵਾਰ ਦਾ ਦੁਰਗਾ ਜੀ ਦੇ ਕਹਿਣ ਅਨੁਸਾਰ ਇਸ ਘਰ ਵਿਚ ਬਹੁਤ ਹੀ ਜ਼ਿਆਦਾ ਆਉਣ ਜਾਣ ਅਤੇ ਸਤਿਕਾਰ ਸੀ।ਇਸੇ ਤਰ੍ਹਾਂ ਭਗਤ ਸਿੰਘ ਤੇ ਭਗਵਤੀ ਜੀ ਦੀ ਬੇਹੱਦ ਨੇੜਤਾ ਸੀ।ਦੁਰਗਾ ਭਾਬੀ ਜੀ ਸ੍ਰ: ਕਿਸ਼ਨ ਸਿੰਘ ਪਰਿਵਾਰ ਨਾਲ਼ ਵੋਹਰਾ ਪਰਿਵਾਰ ਦੇ ਸੰਬੰਧਾਂ ਦਾ ਖ਼ੁਲਾਸਾ ਕਰਦੇ ਦੱਸਦੇ ਹੁੰਦੇ ਸਨ ਕਿ ਭਗਤ ਸਿੰਘ ਦੇ ਮਾਤਾ ਵਿੱਦਿਆਵਤੀ ਜੀ ਵੀ ਦੁਰਗਾ ਜੀ ਨੂੰ ਧੀਆਂ ਵਾਂਗ ਹੀ ਪਿਆਰ ਕਰਦੇ ਸਨ।ਇਸ ਦਾ ਸਬੂਤ ਇਸੇ ਇਕ ਘਟਨਾ ਤੋਂ ਲੱਗ ਸਕਦਾ ਹੈ ਕਿ ਮਾਤਾ ਜੀ ਆਪਣੀ ਮੌਤ ਤੋਂ ਸਾਲ ਕੁ ਪਹਿਲਾਂ ਪਟਨੇ ਜਾਂਦੇ ਸਮੇਂ ਉਨ੍ਹਾਂ ਨੂੰ ਮਿਲੇ ਸਨ।ਮਾਤਾ ਜੀ ਦਾ ਫੋਨ ਆਇਆ ਸੀ ਕਿ ਦੁਰਗਾ ਉਨ੍ਹਾਂ ਨੂੰ ਰੇਲਵੇ ਸਟੇਸ਼ਨ 'ਤੇ ਹੀ ਆ ਕੇ ਮਿਲੇ।

ਭਾਬੀ ਜੀ ਕਹਿੰਦੇ ਹਨ-''ਜਦੋਂ ਮੈਂ ਮਾਤਾ ਜੀ ਨੂੰ ਮਿਲੀ ਤਾਂ ਉਹ ਭੁੱਬਾਂ ਮਾਰ ਮਾਰ ਕੇ ਰੋ ਪਏ।ਇੰਨਾ ਰੋਏ ਕਿ ਮੈਂ ਦੱਸ ਨਹੀਂ ਸਕਦੀ।ਆਖ਼ਰ ਪੁੱਤਰ ਪਿਆਰ ਅਤੇ ਵਿਯੋਗ ਦਾ ਦਰਦ ਉਨ੍ਹਾਂ ਦੀਆਂ ਅੱਖਾਂ ਵਿਚ ਛਲਕ ਆਇਆ।ਉਹ ਬਹੁਤ ਹੀ ਦਰਦਨਾਕ ਦ੍ਰਿਸ਼ ਸੀ ਜੋ ਵੇਖਿਆ ਨਹੀਂ ਸੀ ਜਾ ਰਿਹਾ।''

ਮਾਤਾ ਜੀ ਦੀ ਮੌਤ ਸੰਬੰਧੀ ਦੁਰਗਾ ਭਾਬੀ ਨੇ ਦਸਿਆ-''ਮੈਂ ਅੱਖਾਂ ਖ਼ਰਾਬ



ਹੋਣ ਕਰਕੇ ਉਨ੍ਹਾਂ ਦੀ ਮੌਤ 'ਤੇ ਨਹੀਂ ਜਾ ਸਕੀ।ਮੇਰਾ ਬਹੁਤ ਜੀਅ ਕਰਦਾ ਸੀ ਕਿ ਮੈਂ ਹੋਰ ਨਹੀਂ ਤਾਂ ਭੋਗ 'ਤੇ ਹੀ ਜਾਵਾਂ ਪਰ ਮਜਬੂਰੀ ਸੀ ਨਹੀਂ ਜਾ ਸਕੀ।ਮੇਰੇ ਮਨ ਵਿਚ ਉਸ ਪਰਿਵਾਰ ਪ੍ਰਤੀ ਬੇਹੱਦ ਸ਼ਰਧਾ ਸੀ ਅਤੇ ਹੈ।ਮੈਂ ਤਾਂ ਉਸ ਪਰਿਵਾਰ ਨਾਲ਼ ਹੀ ਜਿਵੇਂ ਬੱਝੀ ਹੋਈ ਸਾਂ।ਭਗਤ ਸਿੰਘ ਨਾਲ਼ ਮੇਰਾ ਇੰਨਾ ਲਗਾਉ ਸੀ ਜਿਵੇਂ ਸਕੇ ਵੀਰ ਭੈਣ ਜਾਂ ਮਾਂ ਬੇਟੇ ਵਾਲ਼ਾ ਹੀ ਰਿਸ਼ਤਾ ਸੀ।''ਦੁਰਗਾ ਜੀ ਦੇ ਆਪਣੇ ਸ਼ਬਦਾਂ ਵਿਚ-''ਉਨ੍ਹਾਂ ਨੂੰ ਭਗਤ ਸਿੰਘ ਦੇ ਸ਼ਹੀਦ ਹੋਣ ਦਾ ਦੁੱਖ ਜਾਂ ਸਦਮਾ ਨਹੀਂ, ਉਹ ਕਹਿੰਦੇ ਹਨ ਕਿ ਉਹ ਤਾਂ ਸ਼ਹੀਦ ਹੋਣ ਲਈ ਹੀ ਪੈਦਾ ਹੋਇਆ ਸੀ।

ਬੁਢਾਪੇ ਦੇ ਦਿਨਾਂ ਵਿਚ ਜਦ ਕਿਸੇ ਨੇ ਵੀ ਦੁਰਗਾ ਭਾਬੀ ਨਾਲ਼ ਗੱਲ ਕੀਤੀ ਤਾਂ ਉਹ ਹਮੇਸ਼ਾ ਹੀ ਇਹ ਕਹਿੰਦੇ ਰਹੇ ਕਿ ਇਹ ਅਸਲ ਆਜ਼ਾਦੀ ਨਹੀਂ।ਇਹ ਉਹ ਆਜ਼ਾਦੀ ਨਹੀਂ ਜਿਸ ਲਈ ਅਸੀਂ ਲੜੇ ਸਾਂ ਤੇ ਸਾਡੇ ਹੀਰਿਆਂ ਵਰਗੇ ਵੀਰ ਫਾਂਸੀਆਂ ਦੇ ਰੱਸੇ ਹੱਸੈਂ ਹੱਸ ਕੇ ਚੁੰਮ ਗਏ ਸਨ।ਇਹ ਨਕਲੀ ਆਜ਼ਾਦੀ ਹੈ ਜੋ ਮੁੱਠੀ ਭਰ ਸਰਮਾਏਦਾਰਾਂ ਨੇ ਅੰਗਰੇਜ਼ ਸਾਮਰਾਜੀਆਂ ਨਾਲ਼ ਸਾਜ਼-ਬਾਜ਼ ਕਰ ਕੇ ਹਾਸਲ ਕੀਤੀ ਹੈ। ਇਹ ਆਜ਼ਾਦੀ ਕਿਰਤੀ ਜਮਾਤ ਲਈ ਕੁੱਝ ਨਹੀਂ ਲਈ ਬੈਠੀ।ਇਹ ਆਜ਼ਾਦੀ ਸਾਡੇ ਸੁਪਨਿਆਂ ਦੀ ਆਜ਼ਾਦੀ ਨਹੀਂ ਹੈ।ਇਹ ਤਾਂ ਬੱਸ ਗੋਰੇ ਅੰਗਰੇਜ਼ ਚਲੇ ਗਏ ਹਨ ਤੇ ਕਾਲ਼ੇ ਅੰਗਰੇਜ਼ ਆ ਗਏ ਹਨ।ਸੱਤਾ ਦਾ ਸਿਰਫ਼ ਰੰਗ ਹੀ ਬਦਲਿਆ ਹੈ।ਸੱਤਾ ਅੱਜ ਵੀ ਲੁਟੇਰੀਆਂ ਜਮਾਤਾਂ ਦੇ ਹੱਥਾਂ ਵਿਚ ਹੀ ਹੈ।ਅਸੀਂ ਜਿਸ ਆਜ਼ਾਦੀ ਦਾ ਸੁਪਨਾ ਲਿਆ ਸੀ ਉਹ ਤਾਂ ਜਨ-ਸਾਧਾਰਨ,ਗਰੀਬ ਕਿਸਾਨਾਂ-ਮਜ਼ਦੂਰਾਂ, ਛੋਟੇ ਪੂੰਜੀਪਤੀਆਂ ਤੇ ਦਰਮਿਆਨੇ ਲੋਕਾਂ ਦੀ ਰਾਜ ਸੱਤਾ ਦਾ ਸੁਪਨਾ ਸੀ।''ਇਹੋ ਜਿਹੀ ਸੀ ਸਾਡੀ ਉਹ ਮਾਂ ਜਿਸ ਨੇ ਅੰਤਲੇ ਦਿਨਾਂ ਵਿਚ ਵੀ ਆਪਣੇ ਮਿਸ਼ਨ ਨੂੰ ਅੱਖੋਂ ਉਹਲੇ ਨਹੀਂ ਹੋਣ ਦਿੱਤਾ।

15 ਅਗਸਤ ਨੂੰ ਸਾਡੇ ਦੇਸ਼ ਨੂੰ ਅਖੌਤੀ ਆਜ਼ਾਦੀ ਦੇ ਪਰਚਮ ਲਹਿਰਾ ਕੇ ਆਜ਼ਾਦ ਭਾਰਤ ਦੇ ਰੰਗ ਵਿਚ ਰੰਗਣ ਦੇ ਯਤਨ ਕੀਤੇ ਗਏ ਪਰ ਦੁਰਗਾ ਭਾਬੀ ਜਿਹੀ ਵੀਰਾਂਗਣਾ ਆਪਣੇ ਬੱਚੇ ਦਾ ਪਾਲ਼ਣ ਪੋਸਣ ਕਰਨ ਤੋਂ ਵੀ ਅਵਾਜ਼ਾਰ ਥਾਂ ਥਾਂ ਭਟਕਣ ਲਈ ਮਜਬੂਰ ਇਸ ਆਜ਼ਾਦੀ 'ਤੇ ਕੀਰਨੇ ਪਾਉਣ ਜੋਗੇ ਹੀ ਰਹਿ ਗਏ।ਉਨ੍ਹਾਂ ਵਾਸਤੇ ਤਾਂ ਇਸ ਆਜ਼ਾਦ ਭਾਰਤ ਵਿਚ ਕਿਧਰੇ ਰਹਿਣ ਲਈ ਵੀ ਟਿਕਾਣਾ ਨਹੀ ਸੀ।ਪਿਛਲੇ ਪਹਿਰੇ ਉਹ ਆਪਣੇ ਬੇਟੇ ਸ਼ੱਚੀ ਨਾਲ਼ ਗਾਜ਼ੀਆਬਾਦ ਵਿਚ ਰਹਿਣ ਲੱਗੇ।ਉਨ੍ਹਾਂ ਨੇ ਪਿਆਰੇ ਲਾਲ ਗਰਲਜ਼ ਸਕੂਲ ਵਿਚ ਅਧਿਆਪਕਾ ਦੇ ਤੌਰ 'ਤੇ ਕੰਮ ਆਰੰਭ ਦਿੱਤਾ।ਅੰਤਲੇ ਦਿਨਾਂ ਵਿਚ ਉਨ੍ਹਾਂ ਦੀ ਰਿਹਾਇਸ਼ ਗਾਜ਼ੀਆਬਾਦ ਦੇ ਰਾਜ ਨਗਰ ਦੇ ਸੈਕਟਰ ਦੋ ਵਿਚ ਸੀ।ਸਾਡੀ ਉਹ ਸਤਿਕਾਰਯੋਗ ਸਾਡੀ ਸ਼ਰਧਾ ਦੀ ਪਾਤਰ ਮਾਂ ਦੁਰਗਾ ਭਾਬੀ 14-15ਅਕਤੂਬਰ ਦੀ ਵਿਚਕਾਰਲੀ ਰਾਤ ਨੂੰ 1999 ਦੇ ਸਾਲ ਇਕ ਹਫ਼ਤਾ ਤੇ 92 ਸਾਲ ਦੀ ਉਮਰ ਭੋਗ ਕੇ ਆਪਣੀ ਸੰਘਰਸ਼ਮਈ ਜ਼ਿੰਦਗੀ ਦਾ ਸ਼ਾਨਮੱਤਾ ਸਫ਼ਰ ਤਹਿ ਕਰਕੇ ਸਾਡੇ ਕੋਲੋਂ ਸਦਾ ਲਈ ਜੁਦਾ ਹੋ ਗਏ।ਦੁਰਗਾ ਭਾਬੀ ਸਾਡੇ ਵਿਚਕਾਰ ਨਹੀਂ ਰਹੇ ਪਰ ਉਨ੍ਹਾਂ ਦਾ ਸੂਹੇ ਇਨਕਲਾਬ ਦੀ ਰੋਸ਼ਨੀ ਵੰਡਦਾ ਸੂਹਾ ਜੀਵਨ ਇਤਿਹਾਸ ਸਾਡੇ ਲਈ ਪ੍ਰੇਰਨਾ ਸਰੋਤ ਬਣਿਆ ਰਹੇਗਾ।ਤਪਦੇ ਮਾਰੂਥਲਾਂ ਦੀ ਹਮਰਾਹ ਸਾਡੀ ਉਹ ਵੀਰਾਂਗਣਾ ਮਾਂ ਲਾਮਿਸਾਲ ਕੁਰਬਾਨੀ ਦੀ ਜੋ ਸ਼ਮ੍ਹਾ ਸਾਡੇ ਹਿਰਦਿਆਂ ਅਤੇ ਮੱਥੇ ਵਿਚ ਬਾਲ਼ ਗਏ ਹਨ, ਉਹ ਹਮੇਸ਼ਾ ਹੀ ਆਉਣ ਵਾਲ਼ੀਆਂ ਪੀੜ੍ਹੀਆਂ ਨੂੰ ਰੋਸ਼ਨੀ ਬਖ਼ਸ਼ਦੀ ਰਹੇਗੀ।

ਸਰਫ਼ਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ।
ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂਏ ਕਾਤਿਲ ਮੇਂ ਹੈ।
ਵਕਤ ਆਨੇ ਪਰ ਬਤਾ ਦੇਂਗੇ ਤੁਝੇ ਐ ਆਸਮਾਂ,
ਅਬੀ ਸੇ ਕਿਆ ਬਤਾਏਂ ਕਿਆ ਹਮਾਰੇ ਦਿਲ ਮੇਂ ਹੈ।

ਸੇਵਾ ਦੇਸ਼ ਦੀ ਜਿੰਦੜੀਏ ਬਹੁਤ ਔਖੀ,
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ,
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।